# ਲੇਲੇ ਦਾ ਲਹੂ

ਫ੍ਰੈਂਕਲਿਨ ਦੁਆਰਾ ਤਿਆਰ ਅਧਿਐਨ

ਪਰਕਾਸ਼ ਦੀ ਪੋਥੀ 12:7-12

ਫੇਰ ਸੁਰਗ ਵਿੱਚ ਜੁੱਧ ਹੋਇਆ। ਮਿਕਾਏਲ ਅਤੇ ਉਹ ਦੇ ਦੂਤ ਅਜਗਰ ਨਾਲ ਲੜਨ ਨੂੰ ਨਿੱਕਲੇ ਅਤੇ **ਅਜਗਰ** ਲੜਿਆ ਨਾਲੇ ਉਹ ਦੇ ਦੂਤ, (8) ਪਰ ਏਹ ਪਰਬਲ ਨਾ ਹੋਏ ਅਤੇ ਨਾ ਸੁਰਗ ਵਿੱਚ ਏਹਨਾਂ ਨੂੰ ਥਾਂ ਫੇਰ ਮਿਲਿਆ। (9) ਅਤੇ ਉਹ ਵੱਡਾ **ਅਜਗਰ** ਹੇਠਾਂ ਸੁੱਟਿਆ ਗਿਆ, ਉਹ ਪੁਰਾਣਾ **ਸੱਪ** ਜਿਹੜਾ ਇਬਲੀਸ ਅਤੇ **ਸ਼ਤਾਨ** ਕਰਕੇ ਸਦਾਉਂਦਾ ਹੈ ਜੋ **ਸਾਰੇ ਜਗਤ ਨੂੰ ਭਰਮਾਉਂਦਾ** ਹੈ **ਧਰਤੀ** ਉੱਤੇ ਸੁੱਟਿਆ ਗਿਆ ਅਤੇ ਉਹ ਦੇ ਦੂਤ ਉਹ ਦੇ ਨਾਲ ਸੁੱਟੇ ਗਏ।

- ਇਸ ਬਾਰੇ ਇਨ੍ਹਾਂ ਆਇਤਾਂ ਵਿੱਚ ਵੀ ਦੱਸਿਆ ਗਿਆ ਹੈ: ਯਸਾਯਾਹ 14:12; ਹਿਜ਼ਕੀਏਲ 28:12

- ਸਵਰਗ ਵਿੱਚ ਸ਼ਤਾਨ ਜੁੱਧ **ਹਾਰ ਗਿਆ**, ਪਰ ਆਪਣੇ **ਛਲ** ਦੁਆਰਾ ਆਦਮ ਨਾਲ ਜੁੱਧ ਜਿੱਤ ਗਿਆ। ਇਸ ਤੋਂ ਬਾਦ ਪਰਕਾਸ਼ ਦੀ ਪੋਥੀ ਸਿੱਧਾ ਮਸੀਹ ਦੀ ਆਮਦ ਦੇ ਵਿਸ਼ੇ ਬਾਰੇ ਦੱਸਦੀ ਹੈ ਅਤੇ ਇੱਕ **ਨਾਟਕੀ ਬਦਲਾਵ** ਵਿਖਾਈ ਦਿੰਦਾ ਹੈ।

(10) ਅਤੇ ਮੈਂ ਇੱਕ ਵੱਡੀ ਅਵਾਜ਼ ਸੁਰਗ ਵਿੱਚ ਇਹ ਆਖਦੇ ਸੁਣੀ ਭਈ **ਹੁਣ** ਸਾਡੇ ਪਰਮੇਸ਼ੁਰ ਦੀ **ਮੁਕਤੀ** ਅਤੇ **ਸਮਰੱਥਾ** ਅਤੇ **ਰਾਜ** ਅਤੇ ਉਹ ਦੇ ਮਸੀਹ ਦਾ **ਇਖ਼ਤਿਆਰ** ਹੋ ਗਿਆ ਕਿਉਂ ਜੋ **ਸਾਡੇ ਭਰਾਵਾਂ ਨੂੰ ਦੋਸ਼ ਲਾਉਣ ਵਾਲਾ** ਜਿਹੜਾ ਸਾਡੇ ਪਰਮੇਸ਼ੁਰ ਦੇ ਹਜ਼ੂਰ ਓਹਨਾਂ ਉੱਤੇ **ਰਾਤ ਦਿਨ ਦੋਸ਼ ਲਾਉਂਦਾ** ਹੈ **ਹੇਠਾਂ ਸੁੱਟਿਆ ਗਿਆ** ਹੈ!

- ਹੁਣ **ਮੁਕਤੀ** ਆਈ ਹੈ! **ਜਿੱਤ ਹਾਸਲ ਕਰ ਲਈ ਗਈ ਹੈ** !

  ਸਲੀਬ ਉੱਤੇ ਆਪਣੀ ਜਾਨ ਦੇਣ ਤੋਂ ਕੁਝ ਦਿਨ ਪਹਿਲਾਂ ਯਿਸੂ ਨੇ ਕਿਹਾ: **ਹੁਣ** ਇਸ ਜਗਤ ਦਾ ਨਿਆਉਂ ਹੁੰਦਾ ਹੈ। **ਹੁਣ** ਇਸ ਜਗਤ ਦਾ ਸਰਦਾਰ ਬਾਹਰ ਕੱਢਿਆ ਜਾਵੇਗਾ ਯੂਹੰਨਾ 12:31

  ਇਬਰਾਨੀਆਂ 2:14 ਮੌਤ ਦੇ ਰਾਹੀਂ (ਪਰਮੇਸ਼ੁਰ ਦੇ ਲੇਲੇ ਦੇ ਲਹੂ ਰਾਹੀਂ) ਉਹ ਉਸ ਨੂੰ ਜਿਹ ਦੇ ਵੱਸ ਵਿੱਚ ਮੌਤ ਹੈ ਅਰਥਾਤ ਸ਼ਤਾਨ ਨੂੰ **ਨਾਸ ਕਰੇ** (15) ਅਤੇ **ਸਾਨੂੰ ਛੁਡਾਵੇ**।

- "**ਸਮਰੱਥਾ**:" ਰਸੂਲਾਂ ਦੇ ਕਰਤੱਬ 10:38 ਅਰਥਾਤ ਯਿਸੂ ਨਾਸਰੀ ਭਈ ਪਰਮੇਸ਼ੁਰ ਨੇ ਕਿਸ ਬਿਧ ਨਾਲ ਉਹ ਨੂੰ ਪਵਿੱਤ੍ਰ ਆਤਮਾ ਅਤੇ **ਸਮਰੱਥਾ** ਨਾਲ ਮਸਹ ਕੀਤਾ ਜੋ ਉਹ ਭਲਾ ਕਰਦਾ ਅਤੇ ਸਭਨਾਂ ਨੂੰ ਜੋ ਸ਼ਤਾਨ ਦੇ ਕਾਬੂ ਕੀਤੇ ਹੋਏ ਸਨ **ਚੰਗਾ ਕਰਦਾ** ਫਿਰਿਆ ਕਿਉਂ ਜੋ **ਪਰਮੇਸ਼ੁਰ ਉਹ ਦੇ ਨਾਲ** ਸੀ।

- ਪਰਮੇਸ਼ੁਰ ਦਾ **"ਰਾਜ"** ਆਪਣੀ **ਸਮਰੱਥਾ** ਅਤੇ **ਇਖ਼ਤਿਆਰ** ਸਹਿਤ ਧਰਤੀ ਉੱਤੇ **ਵਾਪਸ ਆ ਗਿਆ** ਹੈ ਜਿਵੇਂ ਕਿ ਯਿਸੂ ਮਸੀਹ ਦੀ ਜ਼ਿੰਦਗੀ ਅਤੇ ਸੇਵਾ ਤੋਂ ਵਿਖਾਈ ਦਿੰਦਾ ਹੈ। ਪਰ, ਹੁਣ ਉਹ ਵਾਪਸ ਆਪਣੇ ਸਿੰਘਾਸਣ ਉੱਤੇ ਜਾ ਬੈਠਾ ਹੈ।

**ਅਤੇ ਉਹ ਸਾਨੂੰ ਆਖਦਾ ਹੈ:**

ਮੱਤੀ 28:18 ਅਕਾਸ਼ ਅਤੇ ਧਰਤੀ ਦਾ **ਸਾਰਾ ਇਖ਼ਤਿਆਰ** ਮੈਨੂੰ ਦਿੱਤਾ ਗਿਆ ਹੈ। (19) **ਇਸ ਲਈ ਤੁਸੀਂ ਜਾਓ** . . . **ਉਸ ਦੇ ਇਖ਼ਤਿਆਰ ਵਿੱਚ ਹੋ ਕੇ** (20) ਅਤੇ ਵੇਖੋ **ਮੈਂ** ਜੁਗ ਦੇ ਅੰਤ ਤੀਕਰ **ਹਰ ਵੇਲੇ ਤੁਹਾਡੇ ਨਾਲ ਹਾਂ**।

ਅਤੇ : ਜਿਵੇਂ ਪਿਤਾ ਨੇ ਮੈਨੂੰ ਘੱਲਿਆ ਹੈ ਤਿਵੇਂ ਮੈਂ ਵੀ **ਤੁਹਾਨੂੰ ਘੱਲਦਾ** ਹਾਂ। ਯੂਹੰਨਾ 20:21

- **ਕੌਣ, ਮੈਂ???**

  ਇਬਰਾਨੀਆਂ 2: (6) ਇਨਸਾਨ ਕੀ ਹੈ . . . (7) ਤੂੰ **ਮਹਿਮਾ** ਅਤੇ **ਆਦਰ** ਦਾ ਮੁਕਟ ਉਹ ਦੇ ਸਿਰ ਉੱਤੇ ਰੱਖਿਆ ਹੈ। ਤੈਂ ਆਪਣੀ ਦਸਤਕਾਰੀ ਉੱਤੇ **ਉਹ ਨੂੰ ਥਾਪਿਆ**, (ਜ਼ਬੂਰ 115:6) (8) **ਤੈਂ ਸੱਭੋ ਕੁਝ** ਉਹ ਦੇ ਪੈਰਾਂ ਹੇਠ **ਅਧੀਨ** ਕਰ ਦਿੱਤਾ ਹੈ...**ਪਰ ਅਜੇ ਤੀਕਰ ਅਸੀਂ ਸਭ ਕੁਝ ਉਹ ਦੇ ਅਧੀਨ ਕੀਤਾ ਹੋਇਆ ਨਹੀਂ ਵੇਖਦੇ।**

  ਪਰ ਉਹ ਦਿਨ ਆ ਰਿਹਾ ਹੈ: ਰੋਮੀਆਂ 16:20 ਸ਼ਾਂਤੀ ਦਾਤਾ ਪਰਮੇਸ਼ੁਰ ਸ਼ਤਾਨ ਨੂੰ ਝਬਦੇ **ਤੁਹਾਡੇ ਪੈਰਾਂ** ਹੇਠ ਮਿੱਧੇਗਾ।

- **ਹਾਂ, ਤੁਸੀਂ** !!!

  ਤੁਹਾਡੇ ਕੋਲ "ਉਸ ਦਾ ਇਖ਼ਤਿਆਰ" ਅਤੇ "**ਸਮਰੱਥਾ**" ਹੈ:

  ਰਸੂਲਾਂ ਦੇ ਕਰਤੱਬ 1:8 ਪਰ ਜਾਂ ਪਵਿੱਤ੍ਰ ਆਤਮਾ ਤੁਹਾਡੇ **ਉੱਤੇ** ਆਵੇਗਾ ਤਾਂ **ਤੁਸੀਂ ਸ਼ਕਤੀ** ਪਾਓਗੇ ਅਤੇ **ਤੁਸੀਂ** . . . ਮੇਰੇ ਗਵਾਹ ਹਵੋਗੇ।

  ਫਲਿੱਪੀਆਂ 4:13 ਉਹ ਦੇ ਵਿੱਚ ਓ **ਮੈਨੂੰ ਬਲ ਦਿੰਦਾ ਹੈ** ਮੈਂ ਸੱਭੋ ਕੁਝ ਕਰ ਸੱਕਦਾ ਹਾਂ।

  **"ਰਾਜ"** ਬਾਰੇ ਕੀ ਹੈ

  ਯਿਸੂ ਨੇ ਕਿਹਾ: **ਪਰਮੇਸ਼ੁਰ ਦਾ ਰਾਜ <u>ਤੁਹਾਡੇ</u>** ਵਿੱਚੇ ਹੈ। ਲੂਕਾ 17:21

  **ਰਾਜਾ <u>ਤੁਹਾਡੇ ਵਿੱਚੇ</u> ਹੈ** ! ਮੈਂ ਮਸੀਹ ਦੇ ਨਾਲ ਸਲੀਬ ਦਿੱਤਾ ਗਿਆ ਹਾਂ ਪਰ ਹੁਣ ਤੋਂ ਮੈਂ ਤਾਂ ਨਹੀਂ ਜੀਉਂਦਾ ਸਗੋਂ **ਮਸੀਹ ਮੇਰੇ ਵਿੱਚ ਜੀਉਂਦਾ ਹੈ**। ਗਲਾਤੀਆਂ 2:20

ਕੁਲੁਸੀਆਂ 1:26-28 ਉਸ **ਭੇਤ** ਦੀ ਜਿਹੜਾ ਸਾਰਿਆਂ ਜੁੱਗਾਂ ਅਤੇ ਪੀੜ੍ਹੀਆਂ ਤੋਂ ਗੁਪਤ ਰਿਹਾ ਪਰ ਹੁਣ **ਉਹ ਦੇ ਸੰਤਾਂ** ਉੱਤੇ ਪਰਗਟ ਹੋਇਆ, (27) ਜਿਨ੍ਹਾਂ ਨੂੰ **ਪਰਮੇਸ਼ੁਰ ਨੇ** ਮਹਿਰਮ ਕਰਨਾ **ਚਾਹਿਆ** ਭਈ ਪਰਾਈਆਂ ਕੌਮਾਂ ਵਿੱਚ ਇਸ ਭੇਤ ਦੇ **ਧਨ ਦਾ ਪਰਤਾਪ** ਕੀ ਹੈ, ਸੋ ਏਹ **ਮਸੀਹ <u>ਤੁਹਾਡੇ ਵਿੱਚ</u>** ਪਰਤਾਪ ਦੀ ਆਸ ਹੈ।

- ਉਸ ਦੇ ਰਸੂਲ ਪਰਗਟ ਕਰਦੇ ਹਨ ਕਿ ਸਾਨੂੰ ਕਿਵੇਂ ਜੀਉਣਾ ਚਾਹੀਦਾ ਹੈ, ਅਰਥਾਤ ਸਾਡਾ ਉਦੇਸ਼ ਕੀ ਹੈ: ਲੂਕਾ 9:1-2 ਉਸ ਨੇ ਬਾਰਾਂ ਚੇਲਿਆਂ ਨੂੰ ਇਕੱਠੇ ਬੁਲਾ ਕੇ ਉਨ੍ਹਾਂ ਨੂੰ ਸਾਰਿਆਂ ਭੂਤਾਂ ਉੱਤੇ ਅਤੇ ਰੋਗਾਂ ਦੇ **ਦੂਰ ਕਰਨ** ਦੀ **ਸ਼ਕਤੀ** ਤੇ **ਇਖ਼ਤਿਆਰ** ਦਿੱਤਾ। (2) ਅਰ ਉਨ੍ਹਾਂ ਨੂੰ **ਪਰਮੇਸ਼ੁਰ ਦੇ ਰਾਜ** ਦਾ ਪਰਚਾਰ ਕਰਨ ਅਤੇ ਰੋਗੀਆਂ ਨੂੰ **ਚੰਗੇ ਕਰਨ** ਲਈ ਘੱਲਿਆ।

  ਲੂਕਾ 10:1, 17-20 ਇਨ੍ਹਾਂ ਗੱਲਾਂ ਦੇ ਪਿੱਛੋਂ ਪ੍ਰਭੁ ਨੇ ਸੱਤਰ ਹੋਰ ਵੀ ਠਹਿਰਾਏ . . . ਅਤੇ ਉਨ੍ਹਾਂ ਨੂੰ **ਘੱਲਿਆ**। ਓਹ ਸੱਤਰ ਅਨੰਦ ਨਾਲ ਮੁੜੇ ਅਰ ਬੋਲੇ ਕਿ ਪ੍ਰਭੁ ਜੀ ਤੇਰੇ ਨਾਮ ਕਰਕੇ ਭੂਤ ਭੀ **ਸਾਡੇ ਵੱਸ ਵਿੱਚ** ਹਨ! (18) ਉਸ ਨੇ ਉਨ੍ਹਾਂ ਨੂੰ ਆਖਿਆ, ਮੈਂ ਸ਼ਤਾਨ ਨੂੰ ਬਿਜਲੀ ਵਾਂਙੁ ਅਕਾਸ਼ ਤੋਂ **ਡਿੱਗਾ** ਹੋਇਆ ਡਿੱਠਾ।

  > ਜਦੋਂ ਸ਼ਤਾਨ ਉੱਠਦਾ ਹੈ ਤਾਂ **ਸਾਨੂੰ** ਉਸ **ਸ਼ਕਤੀ** ਅਤੇ **ਇਖ਼ਤਿਆਰ** ਦਾ ਇਸਤੇਮਾਲ ਕਰਦੇ ਹੋਏ ਉਸ ਨੂੰ ਹੇਠਾਂ ਡੇਗਣਾ ਹੈ ਜੋ ਸਾਨੂੰ ਦਿੱਤਾ ਗਿਆ ਹੈ।

(19) ਵੇਖੋ **ਮੈਂ ਤੁਹਾਨੂੰ** ਸੱਪਾਂ ਅਤੇ ਠੂੰਹਿਆਂ ਦੇ ਲਿਤਾੜਨ ਦਾ ਅਰ ਵੈਰੀ ਦੀ ਸਾਰੀ **ਸ਼ਕਤੀ** ਉੱਤੇ **ਇਖ਼ਤਿਆਰ ਦਿੱਤਾ ਹੈ** ਅਤੇ **ਕੋਈ ਵੀ ਚੀਜ਼** ਤੁਹਾਡਾ ਨੁਕਸਾਨ ਨਾ ਕਰੇਗੀ। (20) ਪਰ ਇਸ ਤੋਂ ਅਨੰਦ ਨਾ ਹੋਵੋ ਕਿ **ਰੂਹਾਂ ਤੁਹਾਡੇ ਵੱਸ ਵਿੱਚ** ਹਨ ਪਰ ਇਸ ਤੋਂ ਅਨੰਦ ਹੋਵੋ ਭਈ **ਤੁਹਾਡੇ ਨਾਉਂ ਸੁਰਗ ਵਿੱਚ ਲਿਖੇ** ਹੋਏ ਹਨ।

- "**ਦੋਸ਼ ਲਾਉਣ ਵਾਲੇ**" ਨੂੰ ਉਸ ਦੇ ਸਿੰਘਸਾਸਣ ਤੋਂ ਲਾਹ ਦਿੱਤਾ ਗਿਆ ਹੈ - ਉਹ ਹੇਠਾਂ ਸੁੱਟਿਆ ਗਿਆ ਹੈ। ਉਸ ਨੂੰ ਇੱਥੇ ਧਰਤੀ ਉੱਤੇ ਵੀ **ਹਰਾ ਦਿੱਤਾ ਗਿਆ** ਹੈ।

  ਯੁੱਧ ਹਾਲੇ ਵੀ ਚੱਲ ਰਿਹਾ ਹੈ, ਪਰ ਸਾਨੂੰ **ਉਸ ਜਿੱਤ** ਦੀ **ਤਸੱਲੀ**, **ਸ਼ਾਂਤੀ**, **ਸ਼ਕਤੀ** ਅਤੇ **ਇਖ਼ਤਿਆਰ** ਵਿੱਚ ਚੱਲਣਾ ਅਤੇ ਜੀਉਣਾ ਚਾਹੀਦਾ ਹੈ ਜੋ **ਹਾਸਲ ਕਰ ਲਈ** ਗਈ ਹੈ, ਅਰਥਾਤ ਉਹ ਜਿੱਤ ਜੋ **ਆਖਰੀ** ਹੈ ਅਤੇ **ਪੱਕੀ ਹੋ ਚੁੱਕੀ** ਹੈ ਅਤੇ ਜੋ **ਹਾਸਲ ਕਰ ਲਈ** ਗਈ ਹੈ।

- ਇਸ ਦੇ ਬਾਵਜੂਦ ਵੀ ਉਹ ਲਗਾਤਾਰ ਸਾਡੇ ਉੱਤੇ "**ਦੋਸ਼ ਲਗਾਉਂਦਾ**" ਰਹਿੰਦਾ ਹੈ। ਕਿਉਂ? ਕਿਉਂਕਿ ਉਹ ਸਾਡੇ ਨਾਲ ਘਿਰਣਾ ਕਰਦਾ ਹੈ। ਕਿਉਂਕਿ ਹੁਣ ਮਸੀਹ ਸਾਡੇ ਵਿੱਚ ਹੈ। ਅਸੀਂ ਮਸੀਹ ਦੇ ਰਾਜਦੂਤ ਹਾਂ, ਜਿਨ੍ਹਾਂ ਕੋਲ ਰਾਜਨੀਤਿਕ ਸੁਰੱਖਿਆ ਹੈ ਅਤੇ ਸ਼ਤਾਨ ਬਿਨਾਂ ਆਗਿਆ ਸਾਨੂੰ ਛੂਹ ਵੀ ਨਹੀਂ ਸਕਦਾ।

- ਕੀ ਉਸ ਦੇ ਦੋਸ਼ ਸਹੀ ਹਨ? ਕੀ ਅਸੀਂ ਪਾਪ ਕਰਦੇ ਹਾਂ? ਹਾਂ!

- ਉਸ ਨੂੰ ਸਾਡੇ ਉੱਤੇ ਹਰੇਕ ਅਤੇ ਇਕੱਲੇ-ਇਕੱਲੇ ਪਾਪ ਦਾ ਦੋਸ਼ ਲਗਾਉਣਾ ਬਹੁਤ ਚੰਗਾ ਲੱਗਦਾ ਹੈ ਤਾਂ ਜੋ ਇਸ ਨਾਲ ਉਸ ਨੂੰ ਸਾਡੇ ਉੱਤੇ ਹਮਲਾ ਕਰਨ ਅਤੇ ਸਾਨੂੰ ਦੁਬਾਰਾ ਆਪਣੇ ਕੈਦੀ ਬਣਾਉਣ ਦਾ ਮੌਕਾ ਮਿਲ **ਸਕੇ**। ਕਿਉਂਕਿ ਪਾਪ ਨਾਲ ਉਸ ਨੂੰ ਇੱਕ ਕਨੂੰਨੀ ਹੱਕ ਮਿਲ ਜਾਂਦਾ ਹੈ, ਇਸ ਕਰਕੇ ਪਾਪ ਉਸ ਦਾ ਇਲਾਕਾ, ਉਸ ਦਾ ਰਾਜ ਹੈ। ਉਦਾਹਰਣ: ਲੂਕਾ 22:31

ਸੋ, ਅਸੀਂ ਕੀ ਕਰ ਸਕਦੇ ਹਾਂ? ਅਸੀਂ ਜਿੱਤ ਨੂੰ ਕਾਇਮ ਕਿਵੇਂ ਰੱਖ ਸਕਦੇ ਹਾਂ ਅਤੇ ਇਸ ਜਿੱਤ ਵਿੱਚ ਚੱਲਦੇ ਕਿਵੇਂ ਰਹਿ ਸਕਦੇ ਹਾਂ?

**ਪਰਕਾਸ਼ ਦੀ ਪੋਥੀ 12:11** ਅਤੇ ਉਨ੍ਹਾਂ ਨੇ **ਉਹ ਨੂੰ ਜਿੱਤ ਲਿਆ**

(1) **ਲੇਲੇ ਦੇ ਲਹੂ** ਦੇ ਕਾਰਨ ਅਤੇ

(2) **ਆਪਣੀ ਸਾਖੀ ਦੇ ਬਚਨ** ਦੇ ਕਾਰਨ, ਅਤੇ

(3) ਮਰਨ ਤੀਕ **ਆਪਣੀ ਜਾਨ ਨੂੰ ਪਿਆਰਾ ਨਾ ਜਾਤਾ**।

(12) **ਇਸ ਕਰਕੇ** ਹੇ ਅਕਾਸ਼ੋ ਅਤੇ ਜਿਹੜੇ ਉਨ੍ਹਾਂ ਉੱਤੇ ਰਹਿੰਦੇ ਹੋ, ਤੁਸੀਂ **ਅਨੰਦ ਕਰੋ**! **ਧਰਤੀ** ਅਤੇ ਸਮੁੰਦਰ **ਨੂੰ ਹਾਇ** ! ਹਾਇ! ਇਸ ਲਈ ਜੋ ਸ਼ਤਾਨ ਤੁਹਾਡੇ ਕੋਲ ਉੱਤੇ ਆਇਆ ਹੈ ਅਤੇ ਉਹ ਨੂੰ **ਵੱਡਾ ਕ੍ਰੋਧ** ਹੈ ਕਿਉਂ ਜੋ ਉਹ ਜਾਣਦਾ ਹੈ ਭਈ **ਮੇਰਾ ਸਮਾਂ ਥੋੜਾ ਹੀ ਰਹਿੰਦਾ ਹੈ**।

- ਉਹ "ਦੁਸ਼ਟ" ਆਪਣੀ ਪੂਰੀ ਤਾਕਤ ਲਗਾ ਰਿਹਾ ਹੈ ਅਤੇ ਜਿਵੇਂ-ਜਿਵੇਂ ਉਸ ਦਾ ਸਮਾਂ ਪੂਰਾ ਹੋ ਰਿਹਾ ਹੈ ਅਤੇ ਖ਼ਤਮ ਹੋਣ ਹੀ ਵਾਲਾ ਹੈ, ਉਵੇਂ-ਉਵੇਂ ਉਸ ਦੇ ਜਤਨਾਂ ਵਿੱਚ ਤੇਜ਼ੀ ਆ ਰਹੀ ਹੈ।

- 1 ਪਤਰਸ 5:8 ਸੁਚੇਤ ਹੋਵੋ, ਜਾਗਦੇ ਰਹੋ ! ਤੁਹਾਡਾ ਵਿਰੋਧੀ ਸ਼ਤਾਨ ਬੁਕਦੇ ਸ਼ੀਂਹ ਵਾਂਙੁ ਭਾਲਦਾ ਫਿਰਦਾ ਹੈ ਭਈ **ਕਿਹ ਨੂੰ** ਪਾੜ ਖਾਵਾਂ !

ਅਸੀਂ ਹੇਠ ਲਿਖੇ ਕਾਰਨਾਂ ਕਰਕੇ ਜੇਤੂ ਹਾਂ, ਸੁਰੱਖਿਅਤ ਹਾਂ ਅਤੇ ਸ਼ਾਂਤੀ ਅਤੇ ਜਿੱਤ ਵਿੱਚ ਖੜ੍ਹੇ ਹਾਂ:

1. ਲੇਲੇ ਦਾ **ਲਹੂ** – ਉਹ ਜੋ ਯਿਸੂ ਨੇ ਸਾਡੇ ਲਈ **ਕੀਤਾ ਹੈ**।
   ਉਸ ਦੇ ਲਹੂ ਨੇ ਜਿੱਤ ਹਾਸਲ ਕੀਤੀ ਹੈ। ਸਾਡੀ ਅਜ਼ਾਦੀ ਨੂੰ ਜਿੱਤਿਆ ਹੈ।

2. ਸਾਡੀ ਸਾਖੀ ਦਾ **ਬਚਨ** – ਸਾਡੀ ਭੂਮਿਕਾ, ਜੋ ਅਸੀਂ ਕਰਦੇ ਹਾਂ।

3. ਭਾਵੇਂ ਕੁਝ ਵੀ ਹੋ ਜਾਵੇ, ਮੌਤ ਤੀਕ ਵੀ ਪ੍ਰਭੂ ਦੇ ਪ੍ਰਤੀ ਪੂਰਾ **ਸਮਰਪਣ**।

ਅਸੀਂ ਸ਼ਤਾਨ ਉੱਤੇ ਜਿੱਤ ਉਦੋਂ ਪਾਉਂਦੇ ਹਾਂ ਜਦੋਂ ਅਸੀਂ ਇਹ **ਜਾਣਦੇ**, **ਵਿਸ਼ਵਾਸ ਕਰਦੇ** ਅਤੇ **ਸਾਖੀ (ਗਵਾਹੀ) ਦਿੰਦੇ** ਹਾਂ ਕਿ ਯਿਸੂ ਮਸੀਹ ਕੌਣ ਹੈ, ਸਲੀਬ ਉੱਤੇ ਉਸ ਦੀ ਮੌਤ ਦੇ ਦੁਆਰਾ ਉਸ ਦੇ ਲਹੂ ਨੇ ਕਿਹੜਾ ਕੰਮ ਪੂਰਾ ਕੀਤਾ ਅਤੇ ਉਸ ਦਾ ਜੀ ਉੱਠਣਾ।

ਯਸਾਯਾਹ 5:13 ਮੇਰੀ ਪਰਜਾ **ਬੇਸਮਝੀ** ਦੇ ਕਾਰਨ ਅਸੀਰੀ ਵਿੱਚ ਜਾਂਦੀ ਹੈ
ਹੋਸ਼ੇਆ 4:6 ਮੇਰੀ ਪਰਜਾ **ਗਿਆਨ ਬਹੂਣੀ** ਨਾਸ ਹੁੰਦੀ ਹੈ।
ਯੂਹੰਨਾ 8:32 ਤੁਸੀਂ **ਸਚਿਆਈ ਨੂੰ ਜਾਣੋਗੇ** ਅਤੇ ਸਚਿਆਈ ਤੁਹਾਨੂੰ ਅਜ਼ਾਦ ਕਰੇਗੀ
ਦਾਨੀਏਲ 11:32 **ਜਿਹੜੇ ਲੋਕ ਆਪਣੇ ਪਰਮੇਸ਼ੁਰ ਨੂੰ ਸਿਆਣਦੇ** ਅਤੇ ਹਨ ਓਹ ਬਲਵਾਨ ਹੋਣਗੇ ਅਤੇ ਕੰਮ ਕਰਨਗੇ।

ਯਿਸੂ ਦੇ ਲਹੂ ਨੇ ਸਾਡੇ ਲਈ ਕੀ ਕੀਤਾ ਹੈ? ਸਾਡੀ ਗਵਾਹੀ ਕੀ ਹੈ?

I. ਉਸ ਦੇ ਲਹੂ ਨੇ ਸਾਨੂੰ ਧਰਮੀ ਠਹਿਰਾਇਆ ਹੈ:

ਰੋਮੀਆਂ 5:8-9 ਪਰੰਤੂ ਪਰਮੇਸ਼ੁਰ ਆਪਣਾ **ਪ੍ਰੇਮ** ਸਾਡੇ ਉੱਤੇ ਇਉਂ ਪਰਗਟ ਕਰਦਾ ਹੈ ਭਈ ਜਾਂ ਅਸੀਂ ਅਜੇ ਪਾਪੀ ਹੀ ਸਾਂ ਤਾਂ **ਮਸੀਹ ਸਾਡੇ ਲਈ ਮੋਇਆ**। (9) ਸੋ ਜਦੋਂ ਅਸੀਂ **ਹੁਣ ਉਹ ਦੇ ਲਹੂ ਨਾਲ ਧਰਮੀ ਠਹਿਰਾਏ ਗਏ** ਤਾਂ ਇਸ ਨਾਲੋਂ **ਬਹੁਤ ਵਧ ਕੇ** ਅਸੀਂ ਉਹ ਦੇ ਰਾਹੀਂ ਉਸ ਕ੍ਰੋਧ ਤੋਂ **ਬਚ ਜਾਵਾਂਗੇ**। (ਧਰਮੀ ਠਹਿਰਾਏ ਗਏ – ਅਨਿਸ਼ਚਿਤ ਭੂਤਕਾਲ ਕਰਮਵਾਚੀ ਕ੍ਰਿਦੰਤ: ਅਜਿਹਾ ਕੰਮ ਜੋ ਅਤੀਤ ਵਿੱਚ ਹੋਇਆ ਜਿਸ ਦੇ ਨਤੀਜੇ ਨਿਰੰਤਰ ਜਾਰੀ ਹਨ)

- **ਧਰਮੀ ਠਹਿਰਾਏ ਜਾਣ** ਦਾ ਅਰਥ ਹੈ: **ਧਰਮੀ ਬਣਾਉਣਾ** / ਰਿਹਾ ਕਰਨਾ / ਅਜ਼ਾਦ ਕਰਨਾ / ਪਾਪ ਤੋਂ ਸਾਫ਼ ਕੀਤੇ ਜਾਣਾ ਅਤੇ "ਨਿਰਦੋਸ਼" ਐਲਾਨੇ ਜਾਣਾ। ਬਰੀ ਕੀਤੇ ਗਏ।

ਸੋ **ਹੁਣ** ਓਹਨਾਂ ਲਈ ਜਿਹੜੇ ਮਸੀਹ ਯਿਸੂ **ਵਿੱਚ** ਹਨ **ਸਜ਼ਾ ਦਾ ਹੁਕਮ ਨਹੀਂ** (ਨਿਆਂ ਨਹੀਂ) ਹੈ। ਕਿਉਂਕਿ **ਜੀਵਨ** ਦੇ ਆਤਮਾ ਦੀ ਸ਼ਰਾ ਨੇ **ਮਸੀਹ ਯਿਸੂ ਵਿੱਚ ਮੈਨੂੰ ਪਾਪ ਅਤੇ ਮੌਤ ਦੀ ਸ਼ਰਾ ਤੋਂ ਛੁਡਾ ਦਿੱਤਾ**। ਰੋਮੀਆਂ 8:1-2

ਇਸ ਨੂੰ ਸਮਝਣ ਵਾਸਤੇ ਇਹ ਹੈ ਇਸ ਸਾਰੀ ਗੱਲ ਦਾ ਇਤਿਹਾਸ:

ਰੋਮੀਆਂ 5:12 ਇਸ ਲਈ ਜਿਵੇਂ **ਇੱਕ ਮਨੁੱਖ** ਤੋਂ ਪਾਪ ਸੰਸਾਰ ਵਿੱਚ ਆਇਆ ਅਤੇ ਪਾਪ ਤੋਂ ਮੌਤ ਆਈ ਅਤੇ ਇਸੇ ਤਰ੍ਹਾਂ ਮੌਤ ਸਭਨਾਂ ਮਨੁੱਖਾਂ ਵਿੱਚ ਫੈਲਰ ਗਈ ਏਸ ਲਈ ਜੋ ਸਭਨਾਂ ਨੇ ਪਾਪ ਕੀਤਾ।

ਰੋਮੀਆਂ 5:17-18 ਜਦੋਂ ਉਸ **ਇੱਕ** (ਆਦਮ) ਦੇ ਅਪਰਾਧ ਕਰਕੇ ਉਸ ਇੱਕ ਦੇ ਰਾਹੀਂ ਮੌਤ ਨੇ ਰਾਜ ਕੀਤਾ ਤਾਂ ਬਹੁਤ ਵਧੀਕ **ਓਹ ਲੋਕ ਜਿਨ੍ਹਾਂ ਨੂੰ ਕਿਰਪਾ** ਅਤੇ **ਧਰਮ ਦੀ ਬਖ਼ਸ਼ੀਸ਼** ਵਾਫ਼ਰ ਮਿਲੀ ਹੈ **ਉਸ ਇੱਕ** ਅਰਥਾਤ ਯਿਸੂ ਮਸੀਹ ਦੇ ਰਾਹੀਂ ਜੀਵਨ ਵਿੱਚ ਰਾਜ ਕਰਨਗੇ। (18) ਉਪਰੰਤ ਜਿਵੇਂ **ਇੱਕ ਅਪਰਾਧ** ਕਾਰਨ ਸਭਨਾਂ ਮਨੁੱਖਾਂ ਉੱਤੇ **ਦੋਸ਼** ਲੱਗਾ ਤਿਵੇਂ ਹੀ **ਧਰਮ ਦੇ ਇੱਕ ਕੰਮ** ਦੇ ਕਾਰਨ **ਸਭਨਾਂ ਮਨੁੱਖਾਂ ਲਈ** ਮਾਫ਼ੀ ਅਤੇ **ਜੀਵਨ ਮਿਲਿਆ**।

[ਧਾਰਮਿਕਤਾ ਅਤੇ ਧਰਮੀ ਠਹਿਰਾਏ ਜਾਣਾ ਵਾਸਤੇ ਇੱਕੋ ਯੂਨਾਨੀ ਸ਼ਬਦ ਹੈ]

"ਪਹਿਲੇ ਆਦਮ" ਰਾਹੀਂ ਪਾਪ ਸਭਨਾਂ ਮਨੁੱਖਾਂ ਤੀਕ ਪਹੁੰਚ ਗਿਆ (ਰੋਮੀਆਂ 5:12)।
"ਛੇਕੜਲੇ ਆਦਮ" (1 ਕੁਰਿੰਥੀਆਂ 15:45) ਰਾਹੀਂ ਪਾਪ ਦਾ ਮੁੱਲ ਤਾਰ ਦਿੱਤਾ ਗਿਆ (ਰੋਮੀਆਂ 6:23)

ਅਤੇ "ਧਾਰਮਿਕਤਾ ਦਾ ਦਾਨ" **ਹੈ ਤਾਂ** ਸਭਨਾਂ ਲਈ, ਪਰ **ਦਿੱਤਾ** ਕੇਵਲ ਉਨ੍ਹਾਂ ਨੂੰ ਜਾਂਦਾ ਹੈ "ਜਿਹੜੇ ਕਿਰਪਾ ਦੀ ਭਰਪੂਰੀ ਨੂੰ **ਪ੍ਰਾਪਤ ਕਰਦੇ**" ਹਨ। ਉਹ ਸੰਪੂਰਨ ਤੌਰ ਤੇ ਅਤੇ ਪੂਰੀ ਤਰ੍ਹਾਂ ਧਰਮੀ ਠਹਿਰਾਏ ਜਾਂਦੇ ਹਨ ਅਤੇ ਸਦਾਕਾਲ ਲਈ "**ਜੀਵਨ** ਵਿੱਚ ਰਾਜ ਕਰਦੇ" ਹਨ।

**ਮਹਾਨ ਵਟਾਂਦਰਾ -** ਪਰਮੇਸ਼ੁਰ ਦੇ ਨਿਸ਼ਪਾਪ ਅਤੇ ਸਿੱਧ ਲੇਲੇ ਯਿਸੂ ਨੇ ਸਾਡੇ ਪਾਪ ਨੂੰ ਇਸ ਦੇ ਹਰਜਾਨੇ ਅਤੇ ਨਿਆਂ ਸਣੇ ਆਪਣੇ ਉੱਤੇ ਲੈ ਲਿਆ ਅਤੇ ਸਾਡੇ **ਧਰਮੀ ਠਹਿਰਾਏ ਜਾਣ** ਅਤੇ **ਛੁਟਕਾਰੇ** ਦਾ ਪੂਰਾ ਮੁੱਲ ਆਪਣੇ **ਲਹੂ** ਨਾਲ ਤਾਰਿਆ। ਤਦ ਪਿਤਾ ਨੇ ਸੰਤੁਸ਼ਟ ਹੋ ਕੇ ਉਨ੍ਹਾਂ ਸਾਰਿਆਂ ਲਈ ਸਵਰਗ ਦੇ ਦੁਆਰ ਪੂਰੀ ਤਰ੍ਹਾਂ ਖੋਲ੍ਹ ਦਿੱਤੇ ਜੋ **ਵਿਸ਼ਵਾਸ ਕਰਨ** ਦੁਆਰਾ ਮੁਕਤੀ ਨੂੰ **ਪ੍ਰਾਪਤ ਕਰਦੇ** ਹਨ।

- "**ਸਵਰਗ ਦੇ ਦੁਆਰ**" ਖੋਲ੍ਹੇ ਜਾਣ ਬਾਰੇ ਮੇਰਾ ਨਜ਼ਰੀਆ ਇਹ ਹੈ:

ਆਪਣੇ ਜੀ ਉੱਠਣ ਵੇਲੇ ਉਹ ਸਭ ਤੋਂ ਪਹਿਲਾਂ (ਅਫ਼ਸੀਆਂ 4:8-9) ਧਰਤੀ ਦੇ ਹੇਠਲਿਆਂ ਥਾਵਾਂ ਵਿੱਚ ਉਤਰਿਆ, ਫਿਰ ਉਹ ਉਤਾਹਾਂ ਨੂੰ ਚੜ੍ਹਿਆ, ਓਨ ਬੰਧਨ ਨੂੰ ਬੰਨ੍ਹ ਲਿਆ

ਜੋ ਕਿ ਪੁਰਾਣੇ ਨੇਮ ਦੇ ਉਹ ਸੰਤ ਸਨ ਜੋ "ਅਬਰਾਹਾਮ ਦੀ ਗੋਦ" ਵਿੱਚ ਉਡੀਕ ਕਰ ਰਹੇ ਸਨ (ਲੂਕਾ 16:22)

ਉਸ ਦੇ ਨਾਲ ਉਤਾਹਾਂ ਜਾਣ ਵਾਲੇ ਸਵਰਗਦੂਤਾਂ ਨੇ ਪੁਕਾਰ ਕੇ ਸਵਰਗ ਦੇ ਦੁਆਰਪਾਲ ਨੂੰ ਕਿਹਾ:
ਜ਼ਬੂਰ 24:7-10 ਹੇ ਫਾਟਕੋ, ਆਪਣੇ ਸਿਰ ਉੱਚੇ ਕਰੋ, ਹੇ ਆਦੀ ਦਰੱਵਜਿਓ, ਉੱਚੇ ਹੋ ਜਾਓ! ਤਾਂ ਜਲਾਲ ਦਾ ਪਾਤਸ਼ਾਹ ਅੰਦਰ ਆਵੇਗਾ। ਸਵਰਗੀ ਦੁਆਰਪਾਲ ਪੁੱਛਦੇ ਹਨ: ਏਹ ਜਲਾਲ ਦਾ ਪਾਤਸ਼ਾਹ ਕੌਣ ਹੈ? ਅਤੇ ਉੱਤਰ ਹੈ: ਯਹੋਵਾਹ ਸਮਰਥੀ ਅਰ ਬਲੀ, ਯਹੋਵਾਹ ਜੋ ਜੁੱਧ ਵਿੱਚ ਬਲੀ ਹੈ। ਸੈਨਾਂ ਦਾ ਯਹੋਵਾਹ, ਉਹੋ ਜਲਾਲ ਦਾ ਪਾਤਸ਼ਾਹ ਹੈ।

ਮੇਰੀ ਗਵਾਹੀ, ਜਿਵੇਂ ਕਿ ਇੱਕ ਮਹਾਨ ਭਜਨ ਦੇ ਬੋਲ ਹਨ, ਇਹ ਹੈ:

*"ਮੇਰੀ ਆਸ ਯਿਸੂ ਦੇ ਲਹੂ ਅਤੇ ਧਾਰਮਿਕਤਾ ਤੋਂ ਇਲਾਵਾ ਹੋਰ ਕਿਸੇ ਚੀਜ਼ ਤੇ ਕਾਇਮ ਨਹੀਂ ਹੁੰਦੀ।"*

ਸਲੀਬ ਉੱਤੇ ਹੋਈ ਯਿਸੂ ਮਸੀਹ ਦੀ ਮੌਤ – ਉਸ ਦੇ ਲਹੂ – ਨੇ ਉਨ੍ਹਾਂ ਲੋਕਾਂ ਦੀ **ਪਾਪ ਦੀ ਸਮੱਸਿਆ** ਦਾ ਹੱਲ ਕਰ ਦਿੱਤਾ **ਜਿਨ੍ਹਾਂ ਨੂੰ ਧਰਮ** ਅਤੇ **ਕਿਰਪਾ ਦੀ ਬਖ਼ਸ਼ੀਸ਼** ਵਾਫ਼ਰ ਮਿਲੀ ਹੈ ਕਿਉਂਕਿ ਉਹ ਯਿਸੂ ਮਸੀਹ ਦੇ ਰਾਹੀਂ ਜੀਵਨ ਵਿੱਚ ਰਾਜ ਕਰਨਗੇ (ਹਕੂਮਤ ਕਰਨਗੇ, ਜੇਤੂ ਹੋਣਗੇ)।

ਮੇਰੀ ਗਵਾਹੀ: ਯਿਸੂ ਦੇ ਲਹੂ ਨੇ ਮੈਨੂੰ ਧਰਮੀ ਠਹਿਰਾਇਆ ਹੈ – ਮੈਂ ਅਜ਼ਾਦ ਹਾਂ – ਜਿਵੇਂ ਕਿ ਮੈਂ ਕਦੇ ਪਾਪ ਕੀਤਾ ਹੀ ਨਾ ਹੋਵੇ – ਮੈਂ ਪਾਪ ਦੀ ਮਜਦੂਰੀ ਤੋਂ ਬਰੀ ਕੀਤਾ ਗਿਆ ਹਾਂ – ਅਤੇ ਮੈਨੂੰ ਉਸ ਦੀ ਧਾਰਮਿਕਤਾ ਦਿੱਤੀ ਗਈ ਹੈ। ਮੈਂ ਕੇਵਲ ਯਿਸੂ ਮਸੀਹ ਦੇ ਲਹੂ ਕਰਕੇ ਹੀ ਧਰਮੀ ਹਾਂ ਅਤੇ ਮੈਨੂੰ ਸਦੀਪਕ ਜੀਵਨ ਦਿੱਤਾ ਗਿਆ ਹੈ।

1 ਕੁਰਿੰਥੀਆਂ 15:57 ਪਰ ਧੰਨਵਾਦ ਹੈ ਪਰਮੇਸ਼ੁਰ ਦਾ ਜੋ ਸਾਨੂੰ ਸਾਡੇ ਪ੍ਰਭੂ ਯਿਸੂ ਮਸੀਹ ਦੇ ਰਾਹੀਂ ਫਤਹ ਬਖਸ਼ਦਾ ਹੈ।

## II. ਉਸ ਦੇ ਲਹੂ ਨੇ ਸਾਨੂੰ ਛੁਡਾਇਆ ਹੈ

ਛੁਡਾਉਣ ਦਾ ਅਰਥ ਹੈ "**ਜੋ ਪਹਿਲਾਂ ਤੋਂ ਤੁਹਾਡਾ ਸੀ ਉਸ ਨੂੰ ਵਾਪਸ ਖਰੀਦਣਾ**।"

ਅਸੀਂ ਪ੍ਰਭੂ ਦੇ ਸਾਂ – ਉਸ ਨੇ ਧਰਤੀ ਦੀ ਨੀਂਹ ਰੱਖਣ ਤੋਂ ਪਹਿਲਾਂ ਹੀ ਸਾਨੂੰ ਉਸ ਵਿੱਚ ਚੁਣ ਲਿਆ (ਅਫ਼ਸੀਆਂ 1:4) – ਪਰ ਆਦਮ ਦੇ ਕਾਰਨ ਅਸੀਂ ਪਾਪ ਅਤੇ ਮੌਤ ਵਿੱਚ – ਸ਼ਤਾਨ ਦੇ ਰਾਜ ਵਿੱਚ – ਇੱਕ ਗੁਲਾਮ ਦੇ ਰੂਪ ਵਿੱਚ ਜਨਮੇ, ਉਸ ਦੁਸ਼ਟ ਦੇ ਕਬਜ਼ੇ ਅਤੇ ਇਖ਼ਤਿਆਰ ਹੇਠ।

ਪਰ ਯਿਸੂ ਨੇ ਸ਼ਤਾਨ ਦੇ ਹਨੇਰੇ ਰਾਜ ਵਿੱਚ ਪ੍ਰਵੇਸ਼ ਕੀਤਾ ਅਤੇ ਸਾਡੀ **ਅਜ਼ਾਦੀ** ਦੀ ਪੂਰੀ **ਕੀਮਤ ਚੁਕਾਈ**, ਸਾਡੇ **ਛੁਟਕਾਰੇ** ਦੀ ਕੀਮਤ ਚੁਕਾਈ।

**1 ਪਤਰਸ 1:18-20** ਕਿਉਂ ਜੋ ਤੁਸੀਂ ਜਾਣਦੇ ਹੋ ਭਈ ਤੁਸੀਂ ਜੋ ਆਪਣੀ ਅਕਾਰਥ ਚਾਲ ਤੋਂ ਜਿਹੜੀ ਤੁਹਾਡੇ ਵੱਡਿਆ ਤੋਂ ਚਲੀ ਆਈ ਹੈ **ਨਿਸਤਾਰਾ ਪਾਇਆ** ਸੋ ਨਾਸਵਾਨ ਵਸਤਾਂ ਅਰਥਾਤ ਚਾਂਦੀ ਸੋਨੇ ਨਾਲ ਨਹੀਂ (**ਕਿਉਂ ਨਹੀਂ?**) (19) ਸਗੋਂ **ਮਸੀਹ ਦੇ ਅਮੋਲਕ ਲਹੂ** ਨਾਲ ਪਾਇਆ ਜਿਹੜਾ ਨਿਹਕਲੰਕ ਅਤੇ ਬੇਦਾਗ ਲੇਲੇ ਦੀ ਨਿਆਈਂ ਸੀ।

- **ਮੁੱਲ** ਇਵੇਂ ਤੈਅ ਹੁੰਦਾ ਹੈ . . . **ਖਰੀਦਣ ਵਾਸਤੇ ਚੁਕਾਈ ਜਾਣ ਵਾਲੀ ਕੀਮਤ** ਤੋਂ।
- ਸੋ, **ਤੁਸੀਂ ਕਿੰਨੇ ਮੁੱਲਵਾਨ ਹੋ** ?

ਇਬਰਾਨੀਆਂ 9:12 . . . ਸਗੋਂ **ਆਪਣੇ ਹੀ ਲਹੂ** ਦੇ ਰਾਹੀਂ ਪਵਿੱਤਰ ਅਸਥਾਨਾਂ ਦੇ ਅੰਦਰ **ਸਦੀਪਕ ਨਿਸਤਾਰਾ** ਕਮਾ ਕੇ ਇੱਕੋ ਵਾਰ ਅੰਦਰ ਗਿਆ। ਇਹ ਸਚਾਈ ਕਦੇ ਨਹੀਂ ਬਦਲੇਗੀ!

ਸੋ **ਹੁਣ** ਓਹਨਾਂ ਲਈ ਜਿਹੜੇ ਮਸੀਹ ਯਿਸੂ ਵਿੱਚ ਹਨ **ਸਜ਼ਾ ਦਾ ਹੁਕਮ ਨਹੀਂ** (ਨਿਆਂ ਨਹੀਂ) ਹੈ। ਕਿਉਂਕਿ **ਜੀਵਨ** ਦੇ ਆਤਮਾ ਦੀ ਸ਼ਰਾ ਨੇ **ਮਸੀਹ ਯਿਸੂ ਵਿੱਚ ਮੈਨੂੰ ਪਾਪ ਅਤੇ ਮੌਤ ਦੀ ਸ਼ਰਾ ਤੋਂ ਛੁਡਾ ਦਿੱਤਾ।** ਰੋਮੀਆਂ 8:1-2

ਪ੍ਰਭੂ ਯਿਸੂ ਨੇ ਕੇਵਲ ਸਾਨੂੰ ਖਰੀਦਿਆ ਹੀ ਨਹੀਂ ਸਗੋਂ: **ਸਾਨੂੰ** ਅੰਧਕਾਰ ਦੇ ਵੱਸ ਵਿੱਚੋਂ **ਛੁਡਾ ਕੇ** ਆਪਣੇ ਪਿਆਰੇ ਪੁੱਤ੍ਰ ਦੇ **ਰਾਜ ਵਿੱਚ ਪੁਚਾ ਦਿੱਤਾ**। (14) ਉਸ ਦੇ ਵਿੱਚ ਸਾਨੂੰ **ਨਿਸਤਾਰਾ** ਅਰਥਾਤ ਪਾਪਾਂ ਦੀ ਮਾਫ਼ੀ ਮਿਲਦੀ ਹੈ। ਕੁਲੁੱਸੀਆਂ 1:13

**ਸੋ ਜੇਕਰ ਮੈਂ** ਅੰਧਕਾਰ ਦੇ ਰਾਜ ਵਿੱਚ **ਹਾਂ** ਤਾਂ ਹਾਲੇ ਮੈਂ ਕਿੰਨਾ ਕੁ ਜੀਵਨ ਜੀ ਰਿਹਾ ਹਾਂ?

- ਇਹ ਬਹੁਤ ਗੰਭੀਰਤਾ ਨਾਲ ਸੋਚਣ ਵਾਲੀ ਗੱਲ ਹੈ:

1 ਕੁਰਿੰਥੀਆਂ 6:13-20 ਅਥਵਾ ਕੀ ਤੁਸੀਂ ਇਹ ਨਹੀਂ ਜਾਣਦੇ ਭਈ ਤੁਹਾਡੀ ਦੇਹੀ ਤੁਹਾਡੇ ਅੰਦਰ ਪਵਿੱਤਰ ਆਤਮਾ ਦੀ ਹੈਕਲ ਹੈ ਜਿਹੜੀ ਤੁਹਾਨੂੰ ਪਰਮੇਸ਼ੁਰ ਦੀ ਵੱਲੋਂ ਮਿਲੀ ਹੈ ਅਤੇ **ਤੁਸੀਂ ਆਪਣੇ ਆਪ ਦੇ ਨਹੀਂ ਹੋ**? (20) **ਤੁਸੀਂ** ਤਾਂ **ਮੁੱਲ ਨਾਲ ਲਏ ਹੋਏ** ਹੋ, ਇਸ ਲਈ **ਆਪਣੀ ਦੇਹੀ ਨਾਲ ਪਰਮੇਸ਼ੁਰ ਦੀ ਵਡਿਆਈ ਕਰੋ**। ਉਸ ਦੀ ਦੇਹੀ ਨਾਲ ਅਸੀਂ ਜੋ ਵੀ ਕਰਦੇ ਹਾਂ ਪਰਮੇਸ਼ੁਰ ਸਾਨੂੰ ਉਸ ਲਈ ਜਵਾਬਦੇਹ ਠਹਿਰਾਉਂਦਾ ਹੈ।

ਛੁਟਕਾਰੇ ਦੀ ਸਚਾਈ ਅਤੇ ਮਹੱਤਵ ਬਾਰੇ ਵਚਨ ਵਿੱਚ ਸ਼ੁਰੂ ਤੋਂ ਸਿਖਾਇਆ ਗਿਆ ਹੈ ਕਿਉਂਕਿ ਲੇਲੇ ਦਾ ਲਹੂ ਮਿਸਰ ਵਿੱਚ ਪਰਮੇਸ਼ੁਰ ਦੇ ਚੁਣੇ ਹੋਏ ਲੋਕਾਂ ਦੇ ਫਿਰਾਊਨ ਤੋਂ ਛੁਡਾਏ ਜਾਣ ਵੱਲ ਇਸ਼ਾਰਾ ਕਰਦਾ ਹੈ।

ਕੂਚ 12:2 ਏਹ ਮਹੀਨਾ **ਤੁਹਾਡੇ ਮਹੀਨਿਆਂ ਦਾ ਅਰੰਭ** ਹੋਵੇਗਾ ਅਰ ਏਹ ਤੁਹਾਡੇ ਵਰਹੇ ਦੇ ਮਹੀਨਿਆਂ ਵਿੱਚ ਪਹਿਲਾ ਹੈ। (3) . . . **ਇੱਕ ਇੱਕ ਜਣਾ ਆਪਣੇ** ਲਈ **ਇੱਕ ਇੱਕ ਲੇਲਾ ਲਵੇ**

- ਹਰੇਕ ਵਿਅਕਤੀ ਵਾਸਤੇ ਆਪਣੀ ਮੁਕਤੀ ਲਈ "ਪਰਮੇਸ਼ੁਰ ਦੇ ਲੇਲੇ" ਯਿਸੂ ਮਸੀਹ ਨੂੰ ਲੈਣਾ ਜ਼ਰੂਰੀ ਹੈ ਅਤੇ ਇਹ ਮੌਕਾ ਤੁਹਾਡੇ ਲਈ ਕਦੇ ਨਾ ਖ਼ਤਮ ਹੋਣ ਵਾਲੇ ਮਹੀਨਿਆਂ ਦਾ ਅਰੰਭ ਹੈ।

ਆਪੋ-ਆਪਣੇ **ਪਿੱਤ੍ਰਾਂ ਦੇ** ਘਰਾਣੇ ਅਨੁਸਾਰ **ਹਰ ਘਰ ਪਿੱਛੇ ਇੱਕ ਇੱਕ ਲੇਲਾ**।

- **ਸਾਡੇ ਪਿਤਾ ਦੇ ਘਰਾਣੇ ਜਾਂ ਖਾਨਦਾਨ** ਲਈ ਇੱਕੋ ਲੇਲਾ ਹੈ।

(7) . . . **ਉਹ** ਉਸ ਦੇ **ਲਹੂ** ਵਿੱਚੋਂ ਲੈ ਕੇ ਉਨ੍ਹਾਂ ਘਰਾਂ ਦੇ ਜਿੱਥੇ ਓਹ ਖਾਣਗੇ ਦੋਹੀਂ **ਬਾਹੀਂ** ਅਤੇ **ਸੇਰੂ** ਉੱਤੇ ਲਾਉਣ।

- ਇਹ ਅਸੀਂ ਉਦੋਂ ਕਰਦੇ ਅਤੇ ਲਹੂ ਦੇ ਨੇਮ ਵਿੱਚ ਸ਼ਾਮਲ ਹੁੰਦੇ ਹਾਂ ਜਦੋਂ ਅਸੀਂ ਇਹ **ਵਿਸ਼ਵਾਸ ਕਰਦੇ** ਹਾਂ ਕਿ **ਯਿਸੂ ਮਸੀਹ ਪਰਮੇਸ਼ੁਰ ਦਾ ਲੇਲਾ ਹੈ** ਅਤੇ **ਕੇਵਲ ਉਸ ਦੇ ਲਹੂ** ਦੇ ਦੁਆਰਾ ਹੀ ਮੁਕਤੀ ਮਿਲਦੀ ਹੈ। ਇਹ ਕਰਦਿਆਂ ਹੀ ਸਾਨੂੰ ਕਿਰਪਾ ਅਤੇ ਧਰਮ ਦੀ ਬਖ਼ਸ਼ੀਸ਼ ਮਿਲਦੀ ਹੈ ਉਸ ਇੱਕ ਅਰਥਾਤ ਯਿਸੂ ਮਸੀਹ ਦੇ ਰਾਹੀਂ ਜੀਵਨ ਵਿੱਚ ਰਾਜ। (ਰੋਮੀਆਂ 5:17)

(8) ਓਹ **ਉਸ ਨੂੰ** ਉਸੇ ਰਾਤ **ਖਾਣ** . . . ਅਤੇ ਓਹ ਪਤੀਰੀ **ਰੋਟੀ** ਨਾਲ ਖਾਣ। ਇਹ ਉਸ ਦਿਨ ਲਈ ਨੇਮ ਦਾ ਦਸਤੂਰ ਅਨੁਸਾਰ ਭੋਜਨ ਹੈ।

(11) ਅਤੇ ਤੁਸਾਂ ਉਸ ਨੂੰ ਐਉਂ ਖਾਣਾ, ਆਪਣੇ **ਲੱਕ ਬੰਨ੍ਹ ਕੇ** ਅਤੇ ਆਪਣੀ ਜੁੱਤੀ ਪੈਰੀਂ ਪਾ ਕੇ ਅਤੇ ਆਪਣੀ ਲਾਠੀ ਆਪਣੇ ਹੱਥ ਵਿੱਚ ਲੈ ਕੇ . . . **- ਏਹ ਯਹੋਵਾਹ ਦਾ ਪਸਾਹ ਹੈ।**

- ਲਹੂ ਦੇ ਨੇਮ ਵਿੱਚ ਸ਼ਾਮਲ ਹੋਣ ਤੋਂ ਬਾਦ (ਆਪਣੀ ਜ਼ਿੰਦਗੀ ਉਸ ਨੂੰ ਅਰਪਣ ਕਰਨ ਤੋਂ ਬਾਦ) ਸਾਨੂੰ ਜਿੱਥੇ ਵੀ ਪ੍ਰਭੂ ਭੇਜਦਾ ਹੈ ਜਾਂ ਅਗਵਾਈ ਕਰਦਾ ਹੈ ਜਾਣ ਲਈ ਤਿਆਰ ਹੋਣਾ ਚਾਹੀਦਾ ਹੈ। (2ਕੁਰਿੰਥੀਆਂ 5:14-15)

(13) **ਉਹ ਲਹੂ** ਤੁਹਾਡੇ ਲਈ ਘਰਾਂ ਉੱਤੇ **ਜਿੱਥੇ ਤੁਸੀਂ ਹੋਵੋਗੇ** ਨਿਸ਼ਾਨ ਹੋਵੇਗਾ

- ਚੁਗਾਠਾਂ ਅਤੇ ਸੇਰੂਆਂ ਉੱਤੇ ਲੱਗਾ ਲਹੂ ਉਸ ਥਾਂ ਦੇ **ਬਾਹਰ-ਅੰਦਰ ਆਉਣ-ਜਾਣ ਵਾਲੇ ਰਾਹ** ਦੀ **ਰਾਖੀ ਕਰਦਾ** ਹੈ ਜਿੱਥੇ ਤੁਸੀਂ ਰਹਿੰਦੇ ਹੋ, ਭਾਵ – **ਤੁਹਾਡਾ ਸਰੀਰ**।

ਅਤੇ **ਜਦ ਮੈਂ ਲਹੂ ਨੂੰ ਵੇਖਾਂਗਾ**

- ਲਹੂ ਪਰਮੇਸ਼ੁਰ ਲਈ ਹੈ। ਉਹ ਆਪਣੇ ਪੁੱਤਰ ਦੇ ਲਹੂ ਦੇ ਨਿਸ਼ਾਨ ਭਾਲਦਾ ਹੈ।

ਅਤੇ ਜਦੋਂ ਉਹ ਇਸ ਨਿਸ਼ਾਨ ਨੂੰ ਵੇਖੇਗਾ . . .
ਮੈਂ **ਤੁਹਾਡੇ ਉੱਤੋਂ ਦੀ ਲੰਘ** ਜਾਵਾਂਗਾ ਅਤੇ ਤੁਹਾਡੇ ਉੱਤੇ **ਕੋਈ ਬਵਾ** ਜਦ ਮੈਂ ਮਿਸਰ ਦੇਸ ਨੂੰ ਮਾਰਾਂਗਾ ਨਾ ਪਵੇਗੀ ਜਿਹੜੀ **ਤੁਹਾਡਾ ਨਾਸ ਕਰੇ**। ਵੇਖੋ ਜ਼ਬੂਰ 91

(23) . . . **ਜਦ ਉਹ ਲਹੂ ਨੂੰ ਵੇਖੇਗਾ** ਤਾਂ ਯਹੋਵਾਹ ਉਸ **ਬੂਹੇ** ਤੋਂ ਪਾਸਾ ਦੇ ਕੇ **ਲੰਘ ਜਾਵੇਗਾ** ਅਰ ਨਾਸ ਕਰਨ ਵਾਲੇ ਨੂੰ ਤੁਹਾਡੇ ਮਾਰਨ ਲਈ **ਤੁਹਾਡਿਆਂ ਘਰਾਂ ਵਿੱਚ ਨਾ ਆਉਣ ਦੇਵੇਗਾ**। ਪਰਮੇਸ਼ੁਰ ਤੁਹਾਡੀ ਜ਼ਿੰਦਗੀ ਦੇ ਦਰਵਾਜ਼ੇ ਦੀ ਰਾਖੀ ਕਰਦਾ ਅਤੇ ਇਸ ਨੂੰ ਸੰਭਾਲਦਾ ਹੈ।

## ਪਸਾਹ ਦਾ ਤਿਓਹਾਰ। ਹਾਲੇਲੂਯਾਹ !

ਪਰਮੇਸ਼ੁਰ ਦਾ ਲੇਲਾ ਯਿਸੂ ਹੁਣ ਪਸਾਹ ਦਾ ਅਰਥ ਦੱਸਦਾ ਹੈ: ਯੂਹੰਨਾ 6:54-57
ਜੋ ਕੋਈ **ਮੇਰਾ ਮਾਸ ਖਾਂਦਾ** ਅਤੇ **ਮੇਰਾ ਲਹੂ ਪੀਂਦਾ ਹੈ ਸਦੀਪਕ ਜੀਉਣ** ਉਸੇ ਦਾ ਹੈ ਅਤੇ ਮੈਂ ਅੰਤ ਦੇ ਦਿਨ ਉਹ ਨੂੰ ਜੀਉਂਦਾ ਉਠਾਵਾਂਗਾ। ਕਿਉਂਕਿ **ਮੇਰਾ ਮਾਸ** ਸੱਚ ਮੁੱਚ **ਖਾਣ ਦੀ** ਅਤੇ ਮੇਰਾ ਲਹੂ ਸੱਚ ਮੁੱਚ ਪੀਣ ਦੀ ਵਸਤੂ ਹੈ। ਜੋ ਮੇਰਾ ਮਾਸ ਖਾਂਦਾ ਅਤੇ ਮੇਰਾ ਲਹੂ ਪੀਂਦਾ ਹੈ ਸੋ ਮੇਰੇ ਵਿੱਚ ਰਹਿੰਦਾ ਹੈ ਅਰ ਮੈਂ ਉਸ ਵਿੱਚ।

- ਅਸੀਂ ਇਸ ਗੱਲ ਨੂੰ ਕਿਵੇਂ ਸਮਝ ਸਕਦੇ ਹਾਂ? ਇਸ ਦੇ ਪਿੱਛੇ ਯਿਸੂ ਦਾ ਕੀ ਅਰਥ ਹੈ

ਆਖਰੀ ਭੋਜ ਦੇ ਸਮੇਂ: ਪ੍ਰਭੂ ਯਿਸੂ ਨੇ ਜਿਸ ਰਾਤ ਉਹ ਫੜਵਾਇਆ ਗਿਆ ਸੀ **ਰੋਟੀ** ਲਈ (24) ਅਤੇ ਸ਼ੁਕਰ ਕਰ ਕੇ ਤੋੜੀ ਅਤੇ ਕਿਹਾ, **ਇਹ ਮੇਰਾ ਸਰੀਰ ਹੈ** ਜੋ ਤੁਹਾਡੇ ਲਈ ਹੈ। ਮੇਰੀ **ਯਾਦਗੀਰੀ** ਲਈ ਇਹ ਕਰਿਆ ਕਰੋ। (ਇਹ

ਨੇਮ ਦੀ ਯਾਦਗਿਰੀ ਹੈ) (25) ਇਸੇ ਤਰ੍ਹਾਂ ਉਸ ਨੇ ਭੋਜਨ ਖਾਣ ਦੇ ਪਿੱਛੋਂ ਪਿਆਲਾ ਭੀ ਲਿਆ ਅਤੇ ਕਿਹਾ ਜੋ ਇਹ ਪਿਆਲਾ **ਮੇਰੇ ਲਹੂ ਵਿੱਚ ਨਵਾਂ ਨੇਮ** ਹੈ। ਜਦ ਕਦੇ ਤੁਸੀਂ ਇਹ ਨੂੰ ਪੀਵੋ ਤਾਂ ਮੇਰੀ **ਯਾਦਗੀਰੀ** ਲਈ ਇਹ ਕਰਿਆ ਕਰੋ। (26) ਕਿਉਂਕਿ ਜਦ ਕਦੇ ਤੁਸੀਂ ਇਹ ਰੋਟੀ ਖਾਓ ਅਤੇ ਪਿਆਲਾ ਪੀਓ ਤਾਂ **ਤੁਸੀਂ** ਪ੍ਰਭੂ ਦੀ ਮੌਤ ਦਾ **ਪਰਚਾਰ ਕਰਦੇ** ਰਹਿੰਦੇ ਹੋ ਜਦ ਤੀਕਰ ਉਹ ਨਾ ਆਵੇ।

1 ਕੁਰਿੰਥੀਆਂ 11:23-26

- ਜਦੋਂ ਅਸੀਂ ਰੋਟੀ (ਉਸ ਦਾ ਸਰੀਰ) ਵਿੱਚੋਂ **ਖਾਂਦੇ** ਅਤੇ ਪਿਆਲੇ (ਉਸ ਦਾ ਲਹੂ) ਵਿੱਚੋਂ ਪੀਂਦੇ ਹਾਂ ਤਾਂ ਅਸੀਂ ਇਹ **ਪ੍ਰਚਾਰ ਕਰਦੇ** (ਗਵਾਹੀ ਦਿੰਦੇ) ਅਤੇ ਆਪਣੇ ਆਪ ਨੂੰ **ਯਾਦ ਦਿਵਾਉਂਦੇ** ਹਾਂ ਕਿ ਅਸੀਂ ਪ੍ਰਭੂ ਯਿਸੂ ਮਸੀਹ ਨੂੰ ਆਪਣੇ **ਅੰਦਰ** ਗ੍ਰਹਿਣ ਕੀਤਾ ਹੈ ਅਤੇ **ਉਸ ਦੇ ਨਾਲ ਲਹੂ ਦੇ ਨੇਮ** ਵਿੱਚ **ਸਾਂਝੀ ਹਾਂ।**

ਜ਼ਬੂਰ 107:2 ਯਹੋਵਾਹ ਦੇ ਛੁਡਾਏ ਹੋਏ **ਏਹ ਆਖਣ**, ਜਿਨ੍ਹਾਂ ਨੂੰ **ਉਹ ਨੇ** ਵਿਰੋਧੀ ਦੇ ਹੱਥੋਂ **ਛੁਡਾਇਆ ਹੈ।**

ਸਾਡੀ ਗਵਾਹੀ ਬਾਰੇ ਇਨ੍ਹਾਂ ਆਇਤਾਂ ਵਿੱਚ ਬਹੁਤ ਚੰਗੀ ਤਰ੍ਹਾਂ ਦੱਸਿਆ ਗਿਆ ਹੈ: ਕੁਲੁੱਸੀਆਂ 1:13-14

> ਅਤੇ **ਸਾਨੂੰ** ਅੰਧਕਾਰ ਦੇ ਵੱਸ ਵਿੱਚੋਂ **ਛੁਡਾ ਕੇ** ਆਪਣੇ ਪਿਆਰੇ ਪੁੱਤ੍ਰ ਦੇ ਰਾਜ **ਵਿੱਚ ਪੁਚਾ ਦਿੱਤਾ।** (14) ਉਸ ਦੇ ਵਿੱਚ ਸਾਨੂੰ ਨਿਸਤਾਰਾ ਅਰਥਾਤ ਪਾਪਾਂ ਦੀ ਮਾਫ਼ੀ ਮਿਲਦੀ ਹੈ . . . ਯਿਸੂ ਮਸੀਹ ਦੇ ਲਹੂ ਦੇ ਦੁਆਰਾ।

1 ਕੁਰਿੰਥੀਆਂ 15:57 ਧੰਨਵਾਦ ਹੈ ਪਰਮੇਸ਼ੁਰ ਦਾ ਜੋ **ਸਾਨੂੰ** ਸਾਡੇ ਪ੍ਰਭੂ ਯਿਸੂ ਮਸੀਹ ਦੇ ਰਾਹੀਂ **ਫਤਹ ਬਖਸ਼ਦਾ ਹੈ।**

## III. ਉਸ ਦੇ ਲਹੂ ਨੇ ਸਾਨੂੰ ਮਾਫ਼ੀ ਬਖਸ਼ੀ ਹੈ:

ਇਬਰਾਨੀਆਂ 9:22 **ਬਿਨਾਂ ਲਹੂ ਵਹਾਏ ਮਾਫ਼ੀ ਹੁੰਦੀ ਹੀ ਨਹੀਂ**

ਅਫ਼ਸੀਆਂ 1:7 ਜਿਹ ਦੇ ਵਿੱਚ **ਉਸ ਦੇ ਲਹੂ** ਦੇ ਦੁਆਰਾ **ਸਾਨੂੰ ਨਿਸਤਾਰਾ** ਅਰਥਾਤ ਅਪਰਾਧਾਂ ਦੀ **ਮਾਫ਼ੀ ਉਹ ਦੀ ਕਿਰਪਾ ਦੇ ਧਨ** ਅਨੁਸਾਰ ਮਿਲਦੀ ਹੈ

ਇਬਰਾਨੀਆਂ 9:26 ਉਹ . . . ਆਪਣੇ ਆਪ ਦੇ ਬਲੀਦਾਨ ਕਰਨ ਨਾਲ **ਪਾਪ ਨੂੰ ਦੂਰ ਕਰੇ।**

ਇਬਰਾਨੀਆਂ 10:17-19 ਅਤੇ ਓਹਨਾਂ ਦੇ ਪਾਪਾਂ ਨੂੰ, ਅਤੇ ਓਹਨਾਂ ਦੀਆਂ ਬਦਕਾਰੀਆਂ ਨੂੰ **ਫੇਰ ਕਦੇ ਚੇਤੇ ਨਾ ਕਰਾਂਗਾ। ਸੋ** ਜਿੱਥੇ ਇਨ੍ਹਾਂ ਦੀ **ਮਾਫ਼ੀ ਹੈ** . . . ਉਪਰੰਤ, **ਸਾਨੂੰ ਯਿਸੂ ਦੇ ਲਹੂ** ਦੇ ਕਾਰਨ ਪਵਿੱਤਰ ਅਸਥਾਨ ਦੇ ਅੰਦਰ ਜਾਣ ਦੀ **ਦਿਲੇਰੀ ਹੈ**

1 ਯੂਹੰਨਾ 3:5 ਤੁਸੀਂ ਜਾਣਦੇ ਹੋ ਜੋ ਉਹ ਇਸ ਲਈ ਪਰਗਟ ਹੋਇਆ ਭਈ **ਪਾਪਾਂ ਨੂੰ ਚੁੱਕ ਕੇ ਲੈ ਜਾਵੇ**, ਅਤੇ **ਉਹ ਦੇ ਵਿੱਚ ਪਾਪ ਨਹੀਂ ਹੈ।** ਅਸੀਂ "ਮਸੀਹ ਵਿੱਚ" ਹਾਂ (ਰੋਮੀਆਂ 8:1; 1ਕੁਰਿੰਥੀਆਂ 1:30; 2ਕੁਰਿੰਥੀਆਂ 5:17)

ਪਰਕਾਸ਼ ਦੀ ਪੋਥੀ 1:5 ਉਹ ਦੀ ਜਿਹੜਾ **ਸਾਡੇ ਨਾਲ ਪ੍ਰੇਮ ਕਰਦਾ** ਹੈ ਅਤੇ ਜਿਹ ਨੇ **ਸਾਨੂੰ ਆਪਣੇ ਲਹੂ ਨਾਲ** ਸਾਡੇ ਪਾਪਾਂ ਤੋਂ **ਛੁਡਾ ਦਿੱਤਾ**

ਜ਼ਬੂਰ 103:10-12 ਉਹ ਸਾਡੇ ਪਾਪਾਂ ਅਨੁਸਾਰ ਸਾਡੇ ਨਾਲ **ਨਹੀਂ** ਵਰਤਿਆ, ਨਾ ਸਾਡੀਆਂ ਬਦੀਆਂ ਅਨੁਸਾਰ **ਸਾਨੂੰ ਬਦਲਾ ਦਿੱਤਾ**। (11) ਜਿੰਨਾ ਉੱਚਾ ਅਕਾਸ਼ ਧਰਤੀ ਉੱਤੋਂ ਹੈ, **ਇੰਨੀ ਵੱਡੀ ਉਹ ਦੀ ਦਯਾ** ਉਹ ਦੇ ਡਰਨ ਵਾਲਿਆਂ ਉੱਤੇ ਹੈ! (12) ਜਿੰਨਾ **ਚੜ੍ਹਦਾ ਲਹਿੰਦੇ ਤੋਂ ਦੂਰ ਹੈ**, ਉੱਨੇ ਹੀ ਉਹ ਨੇ ਸਾਡੇ ਅਪਰਾਧ ਸਾਥੋਂ ਦੂਰ ਕੀਤੇ ਹਨ!

ਕੁਲੁੱਸੀਆਂ 2:13-15 ਅਤੇ **ਉਸ ਨੇ ਤੁਹਾਨੂੰ** ਜਿਹੜੇ **ਆਪਣੇ ਅਪਰਾਧਾਂ** ਅਤੇ ਆਪਣੇ ਸਰੀਰ ਦੀ ਅਸੁੰਨਤ **ਦੇ ਕਾਰਨ ਮੋਏ ਹੋਏ** ਸਾਓ ਉਹ ਦੇ ਨਾਲ **ਜਿਵਾਲਿਆ** (**ਕਿਵੇਂ?**) ਕਿਉਂ ਜੋ ਉਸ ਨੇ ਸਾਡੇ ਸਾਰੇ **ਅਪਰਾਧ ਸਾਨੂੰ ਮਾਫ਼ ਕੀਤੇ**, (**ਇਹ ਉਸ ਨੇ ਕਿਵੇਂ ਕੀਤਾ?**) (14) ਅਤੇ ਉਸ **ਲਿਖਤ** ਨੂੰ ਜਿਹੜੀ ਹੁਕਮਾਂ ਕਰਕੇ ਸਾਡੇ ਉਲਟ ਅਤੇ ਸਾਡੇ ਵਿਰੁੱਧ ਸੀ ਉਸ ਨੇ **ਮੇਸ ਦਿੱਤਾ** ਅਤੇ ਉਹ ਨੂੰ **ਸਲੀਬ ਉੱਤੇ ਕਿੱਲਾਂ ਨਾਲ ਠੋਕ ਕੇ** ਵਿੱਚੋਂ **ਚੁੱਕ ਸੁੱਟਿਆ**। (ਇਸ ਦਾ ਨਤੀਜਾ ਕੀ ਹੋਇਆ?) (15) ਉਸ ਨੇ **ਹਕੂਮਤਾਂ** ਅਤੇ **ਇਖ਼ਤਿਆਰਾਂ** ਨੂੰ ਆਪਣੇ ਗਲੋਂ **ਲਾਹ ਕੇ** ਅਤੇ

- ਸ਼ਤਾਨ ਦੇ ਝੂਠ ਅਤੇ ਛਲ ਹੀ ਉਸ ਦੇ ਸ਼ਸਤਰ ਹਨ। "ਚਾਨਣ ਦਾ ਦੂਤ" 2ਕੁਰਿੰਥੀਆਂ 11:14
- ਪਾਪ ਉਸ ਦਾ ਹਥਿਆਰ ਹੈ

**ਉਸੇ ਦੇ ਦੁਆਰਾ ਓਹਨਾਂ ਨੂੰ ਫਤਹ** ਕਰ ਕੇ **ਖੁੱਲਮ-ਖੁੱਲਾ ਤਮਾਸ਼ਾ** ਬਣਾਇਆ।

ਖੁੱਲਮ-ਖੁੱਲ੍ਹਾ ਤਮਾਸ਼ਾ:
ਰੋਮੀ ਜਰਨੈਲ ਆਪਣੇ ਦੁਸ਼ਮਣ ਨੂੰ ਹਰਾਉਣ ਤੋਂ ਬਾਦ ਉਨ੍ਹਾਂ ਦੇ ਸ਼ਸਤ੍ਰ, ਹਥਿਆਰ ਅਤੇ ਕੱਪੜੇ ਲਾਹ ਕੇ ਉਨ੍ਹਾਂ ਨੂੰ ਰੋਮ ਦੀਆਂ ਸੜਕਾਂ ਉੱਤੇ ਘੁਮਾਉਂਦੇ ਸਨ। ਇਹ ਖੁੱਲ੍ਹਾ ਤਮਾਸ਼ਾ ਅਤੇ ਜਰਨੈਲ ਦੀ ਜਿੱਤ ਦੀ ਪਰੇਡ ਹੁੰਦੀ ਸੀ।

ਅਤੇ ਹੁਣ ਉਸ ਨੇ ਸਾਨੂੰ ਜਿੱਤ ਦੇ ਦਿੱਤੀ ਹੈ:

1 ਕੁਰਿੰਥੀਆਂ 15:57 ਪਰ ਧੰਨਵਾਦ ਹੈ ਪਰਮੇਸ਼ੁਰ ਦਾ ਜੋ **ਸਾਨੂੰ** ਸਾਡੇ ਪ੍ਰਭੁ ਯਿਸੂ ਮਸੀਹ ਦੇ ਰਾਹੀਂ **ਫਤਹ ਬਖਸ਼ਦਾ** ਹੈ।

2 ਕੁਰਿੰਥੀਆਂ 2:14 ਪਰ ਧੰਨਵਾਦ ਹੈ ਪਰਮੇਸ਼ੁਰ ਦਾ ਜੋ ਮਸੀਹ ਵਿੱਚ ਸਾਨੂੰ ਸਦਾ ਫਤਹ ਦੇ ਕੇ **ਲਈ ਫਿਰਦਾ** ਹੈ ਅਰ ਉਹ ਦੇ ਗਿਆਨ ਦੀ ਵਾਸਨਾ ਸਾਡੇ ਰਾਹੀਂ ਥਾਓਂ ਥਾਈਂ ਖਿਲਾਰਦਾਹੈ।

ਰੋਮੀਆਂ 16:20 ਸ਼ਾਂਤੀ ਦਾਤਾ ਪਰਮੇਸ਼ੁਰ **ਸ਼ਤਾਨ ਨੂੰ ਝਬਦੇ ਤੁਹਾਡੇ ਪੈਰਾਂ ਹੇਠ ਮਿੱਧੇਗਾ**।

ਜ਼ਬੂਰ 107:2 ਯਹੋਵਾਹ ਦੇ ਛੁਡਾਏ ਹੋਏ **ਏਹ ਆਖਣ** ਜਿਨ੍ਹਾਂ ਨੂੰ **ਉਹ ਨੇ** ਵਿਰੋਧੀ ਦੇ ਹੱਥੋਂ **ਛੁਡਾਇਆ** ਹੈ

ਸਾਨੂੰ ਦਿਲੇਰ ਹੋ ਕੇ ਵਿਸ਼ਵਾਸ ਕਰਨਾ ਅਤੇ ਇਹ ਐਲਾਨ ਕਰਨਾ ਚਾਹੀਦਾ ਹੈ, "**ਮੈਂ ਯਿਸੂ ਦੇ ਲਹੂ ਦੇ ਦੁਆਰਾ ਦੁਸ਼ਟ ਦੇ ਹੱਥੋਂ ਛੁਡਾਇਆ ਗਿਆ ਹਾਂ**।"

## IV. ਉਸ ਦੇ ਲਹੂ ਨੇ ਸਾਡਾ ਮੇਲ ਕਰਾਇਆ ਹੈ:

**ਮੇਲ ਕਰਾਉਣ ਦਾ ਅਰਥ ਹੈ: ਸਹੀ ਰਿਸ਼ਤੇ** ਵਿੱਚ ਵਾਪਸ ਜੋੜਨਾ, ਮੋੜ ਦੋਸਤੀ ਕਰਨਾ, ਮੁੜ ਸ਼ਾਂਤੀ ਕਾਇਮ ਕਰਨਾ। ਉਸ ਰਿਸ਼ਤੇ ਨੂੰ ਮੁੜ ਜੋੜਨ ਲਈ ਜੋ ਉਸ ਦਾ ਆਦਮ ਦੇ ਨਾਲ ਸੀ।

ਕੁਲੁੱਸੀਆਂ 1:22 **ਉਸ ਨੇ ਹੁਣ** ਉਹ ਦੀ ਮਾਸ ਦੀ ਕਾਇਆ ਨਾਲ ਮੌਤ ਦੇ ਵਸੀਲੇ **ਮਿਲਾ ਲਿਆ ਤਾਂ ਜੋ** ਉਹ ਤੁਹਾਨੂੰ **ਪਵਿੱਤਰ**, **ਨਿਰਦੋਸ਼** ਅਤੇ **ਬੇਇਲਜ਼ਾਮ** ਆਪਣੇ ਸਨਮੁਖ ਖੜਾ ਕਰੇ।

---

1 ਕੁਰਿੰਥੀਆਂ 1:8 **ਉਹ** ਤੁਹਾਨੂੰ ਅੰਤ ਤੀਕ ਕਾਇਮ ਵੀ ਰੱਖੇਗਾ ਭਈ ਤੁਸੀਂ ਸਾਡੇ ਪ੍ਰਭੁ ਯਿਸੂ ਮਸੀਹ ਦੇ ਦਿਨ **ਨਿਰਦੋਸ਼** ਹੋਵੋ।
ਫ਼ਿਲਿੱਪੀਆਂ 1:6 ਜਿਹ ਨੇ ਤੁਹਾਡੇ ਵਿੱਚ ਸ਼ੁਭ ਕੰਮ ਦਾ ਮੁੱਢ ਧਰਿਆ ਸੋ ਯਿਸੂ ਮਸੀਹ ਦੇ ਦਿਨ ਤੋੜੀ **ਉਹ ਨੂੰ ਪੂਰਿਆਂ ਕਰੇਗਾ**।

ਜੋ ਪ੍ਰਭੂ ਨੇ ਸ਼ੁਰੂ ਕੀਤਾ ਹੈ ਉਹ ਉਸ ਨੂੰ ਪੂਰਿਆਂ ਵੀ ਕਰੇਗਾ। ਉਹ ਕਿਸੇ ਇੱਕ ਨੂੰ ਵੀ ਨਹੀਂ ਗੁਆਵੇਗਾ।

---

ਰੋਮੀਆਂ 5:10 ਕਿਉਂਕਿ ਜਦੋਂ **ਅਸੀਂ ਵੈਰੀ ਹੋ ਕੇ** ਪਰਮੇਸ਼ੁਰ ਨਾਲ **ਉਹ ਦੇ ਪੁੱਤ੍ਰ ਦੀ ਮੌਤ ਦੇ ਵਸੀਲੇ** ਨਾਲ **ਮਿਲਾਏ ਗਏ** ਤਾਂ ਮਿਲਾਏ ਜਾ ਕੇ ਅਸੀਂ ਇਸ ਨਾਲੋਂ ਬਹੁਤ ਵਧ ਕੇ ਉਹ ਦੇ ਜੀਵਨ ਦੇ ਦੁਆਰਾ ਬਚ ਜਾਵਾਂਗੇ।

ਅਸੀਂ ਵੈਰੀ ਸਾਂ – ਆਪਣੇ ਪਿਤਾ ਤੋਂ ਜੁਦਾ ਹੋ ਗਏ ਸਾਂ। ਯਸਾਯਾਹ 59:2 ਸਗੋਂ ਤੁਹਾਡੀਆਂ ਬਦੀਆਂ ਨੇ ਤੁਹਾਡੇ ਵਿੱਚ ਅਤੇ ਤੁਹਾਡੇ ਪਰਮੇਸ਼ੁਰ ਵਿੱਚ **ਜੁਦਾਈ** ਪਾ ਦਿੱਤੀ ਹੈ ਅਤੇ **ਤੁਹਾਡੇ ਪਾਪਾਂ ਨੇ ਉਹ ਦਾ ਮੂੰਹ** ਤੁਹਾਥੋਂ **ਲੁਕਾ ਦਿੱਤਾ** ਹੈ ਭਈ ਉਹ ਨਾ ਸੁਣੇ।

ਜ਼ਬੂਰ 11:7 ਕਿਉਂ ਜੋ ਯਹੋਵਾਹ ਧਰਮੀ ਹੈ, ਉਹ ਧਰਮ ਨਾਲ ਪ੍ਰੀਤ ਰੱਖਦਾ ਹੈ, **ਸਿੱਧੇ ਲੋਕ ਉਸ ਦਾ ਦਰਸ਼ਣ ਪਾਉਣਗੇ**।
ਜ਼ਬੂਰ 105:4 ਉਹ ਦੇ ਦਰਸ਼ਣ ਨੂੰ ਲਗਾਤਾਰ ਲੋਚੋ।

2 ਕੁਰਿੰਥੀਆਂ 5:17-21 ਪਰਮੇਸ਼ੁਰ ਨੇ ਮਸੀਹ ਦੇ ਰਾਹੀਂ ਸਾਨੂੰ ਆਪਣੇ ਨਾਲ **ਮਿਲਾ ਲਿਆ** ਅਤੇ **ਮਿਲਾਪ ਦੀ ਸੇਵਕਾਈ ਸਾਨੂੰ ਦਿੱਤੀ**, (19) ਅਰਥਾਤ ਪਰਮੇਸ਼ੁਰ ਮਸੀਹ ਵਿੱਚ ਹੋ ਕੇ **ਜਗਤ ਨੂੰ** ਆਪਣੇ ਨਾਲ **ਮਿਲਾ ਰਿਹਾ** ਸੀ ਅਤੇ **ਉਨ੍ਹਾਂ ਦੇ ਅਪਰਾਧਾਂ ਦਾ ਲੇਖਾ ਨਹੀਂ ਸੀ ਕਰਦਾ** ਅਤੇ ਉਸ ਨੇ **ਮੇਲ ਮਿਲਾਪ ਦਾ ਬਚਨ ਸਾਨੂੰ** ਸੌਂਪ ਦਿੱਤਾ। (20) ਅਸੀਂ ਮਸੀਹ ਦੇ ਏਲਚੀ ਹਾਂ ਭਈ ਜਾਣੋ ਪਰਮੇਸ਼ੁਰ ਸਾਡੇ ਰਾਹੀਂ ਮਿੰਨਤ ਕਰਦਾ ਹੈ, ਸੋ ਅਸੀਂ ਮਸੀਹ ਵੱਲੋਂ ਬੇਨਤੀ ਕਰਦੇ ਹਾਂ ਜੋ ਤੁਸੀਂ **ਪਰਮੇਸ਼ੁਰ ਨਾਲ ਮੇਲ ਮਿਲਾਪ ਕਰ ਲਓ**। (21) ਉਹ ਨੇ ਉਸ ਨੂੰ ਜਿਹੜਾ ਪਾਪ ਦਾ ਜਾਣੂ ਨਹੀਂ ਸੀ ਸਾਡੀ ਖ਼ਾਤਰ **ਪਾਪ ਠਹਿਰਾਇਆ ਤਾਂ ਜੋ** ਅਸੀਂ ਉਸ ਵਿੱਚ ਹੋ ਕੇ **ਪਰਮੇਸ਼ੁਰ ਦਾ ਧਰਮ** ਬਣੀਏ।

- **ਸਾਡਾ ਮੇਲ** ਹੋ ਗਿਆ ਹੈ ਅਤੇ ਸਾਨੂੰ **ਸਾਰਿਆਂ** ਨੂੰ ਮੇਲ ਮਿਲਾਪ ਦੀ **ਸੇਵਕਾਈ** ਸੌਂਪੀ ਗਈ ਹੈ।
  ਹਰੇਕ ਵਿਸ਼ਵਾਸੀ ਇੱਕ ਸੇਵਕ ਹੈ ਅਤੇ ਉਸ ਕੋਲ ਇੱਕ ਬਹੁਤ ਜ਼ਰੂਰੀ ਸੇਵਕਾਈ ਹੈ।

- ਉਸ ਨੇ **ਜਗਤ ਦਾ ਮੇਲ** ਆਪਣੇ ਨਾਲ ਕਰਾ ਲਿਆ ਅਤੇ **ਉਨ੍ਹਾਂ ਦੇ ਪਾਪ ਉਨ੍ਹਾਂ ਦੇ ਜਿੰਮੇ ਨਹੀਂ ਲਾਉਂਦਾ**। ਇਹੋ ਉਹ ਖੁਸ਼ਖ਼ਬਰੀ ਹੈ ਜੋ ਅਸੀਂ ਸਾਰਿਆਂ ਨੂੰ ਦੱਸਣੀ ਹੈ।

1 ਯੂਹੰਨਾ 2:2 ਅਤੇ ਉਹ **ਸਾਡਿਆਂ ਪਾਪਾਂ** ਦਾ ਪਰਾਸਚਿੱਤ (ਸੰਤੁਸ਼ਟੀ) ਹੈ ਪਰ ਨਿਰੇ ਸਾਡਿਆਂ ਹੀ ਦਾ ਨਹੀਂ ਸਗੋਂ **ਸਾਰੇ ਸੰਸਾਰ ਦਾ** ਵੀ ਹੈ। ਯੂਹੰਨਾ 1:29

ਯਿਸੂ ਦੀ ਜਾਣ-ਪਛਾਣ ਯੂਹੰਨਾ ਨੇ ਹੀ ਕਰਾਈ ਸੀ: ਵੇਖੋ ਪਰਮੇਸ਼ੁਰ ਦਾ ਲੇਲਾ ਜੋ **ਜਗਤ ਦਾ ਪਾਪ ਚੁੱਕ ਲੈ ਜਾਂਦਾ ਹੈ।**

ਨਾ ਕੇਵਲ ਉਸ ਨੇ ਸਭਨਾਂ ਦਾ ਮੇਲ ਕਰਾਇਆ ਹੈ ਸਗੋਂ ਉਸ ਨੇ ਸਭਨਾਂ ਨੂੰ ਖਰੀਦਿਆ ਵੀ ਹੈ।
2 ਪਤਰਸ 2:1 ਪਰ ਉਨ੍ਹਾਂ ਲੋਕਾਂ ਵਿੱਚ ਝੂਠੇ ਨਬੀ ਵੀ ਉੱਠੇ ਜਿਵੇਂ ਤੁਹਾਡੇ ਵਿੱਚ ਭੀ ਝੂਠੇ ਗੁਰੂ ਹੋਣਗੇ ਜਿਹੜੇ ਨਾਸ ਕਰਨ ਵਾਲੀਆਂ ਬਿੱਦਤਾਂ ਚੋਰੀ ਅੰਦਰ ਲਿਆਉਣਗੇ ਅਤੇ ਓਸ ਸੁਆਮੀ ਦਾ ਜਿਹ ਨੇ **ਉਨ੍ਹਾਂ ਨੂੰ ਮੁੱਲ ਲਿਆ** ਸੀ **ਇਨਕਾਰ ਕਰ ਕੇ** ਛੇਤੀ ਆਪਣਾ ਨਾਸ ਕਰਾਉਣਗੇ।

ਉਸ ਨੇ **ਸਭਨਾਂ ਦਾ ਮੇਲ ਕਰਾਇਆ** ਹੈ ਅਤੇ **ਸਭਨਾਂ ਨੂੰ ਖਰੀਦਿਆ** ਹੈ . . . ਤਾਂ ਕੀ ਇਸ ਮਤਲਬ ਇਹ ਹੈ ਕਿ ਹਰ ਕੋਈ ਸਵਰਗ ਜਾਵੇਗਾ? ਨਹੀਂ ! ਕਿਉਂਕਿ . . . . .

**ਇੱਕ ਪਾਪ ਹੈ ਜੋ ਮੌਤ ਤੀਕ ਬਣਿਆ ਰਹਿੰਦਾ ਹੈ:**

ਯਿਸੂ ਨੇ ਪਵਿੱਤਰ ਆਤਮਾ ਬਾਰੇ ਗੱਲ ਕਰਦੇ ਹੋਏ ਕਿਹਾ,: ਯੂਹੰਨਾ 16:8-10 ਅਤੇ ਉਹ ਆਣ ਕੇ **ਜਗਤ ਨੂੰ ਪਾਪ**, ਧਰਮ ਅਰ **ਨਿਆਉਂ** ਦੇ ਵਿਖੇ **ਕਾਇਲ ਕਰੇਗਾ**। (9) **ਪਾਪ ਦੇ** ਵਿਖੇ **ਇਸ ਲਈ ਜੋ ਉਹ ਮੇਰੇ ਉੱਤੇ ਨਿਹਚਾ ਨਹੀਂ ਕਰਦੇ ਹਨ**; (10) ਧਰਮ ਦੇ ਵਿਖੇ ਇਸ ਲਈ ਜੋ ਮੈਂ ਪਿਤਾ ਕੋਲ ਜਾਂਦਾ ਹਾਂ ਅਤੇ ਤੁਸੀਂ ਮੈਨੂੰ ਫੇਰ ਨਹੀਂ ਵੇਖੋਗੇ; (11) ਨਿਆਉਂ ਦੇ ਵਿਖੇ ਇਸ ਲਈ ਜੋ ਇਸ ਜਗਤ ਦੇ ਸਰਦਾਰ ਦਾ ਨਿਆਉਂ ਕੀਤਾ ਗਿਆ ਹੈ।

- ਇਹ "ਮੌਤ ਤੀਕ ਵਾਲਾ ਪਾਪ" ਹੈ – ਸਦੀਪਕ ਮੌਤ ਵਾਲਾ।

ਇਸ ਨਾਲ ਇਸ **ਸਵਾਲ** ਦਾ ਉੱਤਰ ਮਿਲ ਜਾਂਦਾ ਹੈ:

"ਜੇਕਰ ਪਰਮੇਸ਼ੁਰ ਪਿਆਰ ਕਰਨ ਵਾਲਾ ਪਰਮੇਸ਼ੁਰ ਹੈ ਤਾਂ ਉਹ ਕਿਸੇ ਨੂੰ ਨਰਕ ਕਿਵੇਂ ਭੇਜ ਸਕਦਾ ਹੈ?"

**ਉੱਤਰ ਹੈ**: ਉਹ ਨਹੀਂ ਭੇਜਦਾ। ਲੋਕ ਖੁਦ ਹੀ ਆਪਣੇ ਆਪ ਨੂੰ ਭੇਜਦੇ ਹਨ।

**ਜ਼ਰੂਰੀ ਹੈ ਕਿ ਅਸੀਂ** ਉਨ੍ਹਾਂ ਨੂੰ ਮਸੀਹ ਵੱਲੋਂ ਬੇਨਤੀ ਕਰੀਏ ਕਿ ਉਹ **ਪਰਮੇਸ਼ੁਰ ਨਾਲ ਮੇਲ ਕਰ ਲੈਣ**। 2ਕੁਰਿੰਥੀਆਂ 5:20
**ਜ਼ਰੂਰੀ ਹੈ ਕਿ ਅਸੀਂ** ਉਨ੍ਹਾਂ ਨੂੰ ਹੱਲਾਸ਼ੇਰੀ ਦੇਈਏ ਕਿ **ਕਿਰਪਾ** ਅਤੇ **ਧਰਮ** ਦੀ ਵਾਫ਼ਰ ਬਖ਼ਸ਼ੀਸ਼ **ਹਾਸਲ ਕਰ ਲੈਣ** ਰੋਮੀਆਂ 5:17

ਉਸ ਦੇ ਰਾਜਦੂਤ, ਉਸ ਦੇ ਜਾਜਕ ਹੋਣ ਦੇ ਨਾਤੇ ਸਾਡੀ ਜ਼ਿੰਮੇਦਾਰੀ ਹੈ ਕਿ ਅਸੀਂ ਹਰੇਕ ਨੂੰ ਉਸ ਕੰਮ ਦੀ ਖੁਸ਼ਖ਼ਬਰੀ ਦੱਸੀਏ ਜੋ ਯਿਸੂ ਦੇ ਲਹੂ ਨੇ ਉਨ੍ਹਾਂ ਲਈ ਕੀਤਾ ਹੈ।

ਸਦੀਪਕ ਜੀਵਨ ਹਰ ਉਸ ਇਨਸਾਨ ਲਈ ਉਪਲਬਧ ਹੈ ਜਿਹੜਾ "ਰਾਹ, ਸਚਿਆਈ ਅਤੇ ਜੀਉਣ" – ਯਿਸੂ ਮਸੀਹ ਉੱਤੇ **ਵਿਸ਼ਵਾਸ ਕਰਦਾ** ਅਤੇ ਇਸ ਨੂੰ **ਗ੍ਰਹਿਣ ਕਰਦਾ** ਹੈ। (ਯੂਹੰਨਾ 14:6)

ਦੂਜੇ ਸ਼ਬਦਾਂ ਵਿੱਚ: ਯਿਸੂ ਦੇ ਲਹੂ ਨੂੰ **ਗ੍ਰਹਿਣ ਜਾਂ ਰੱਦ** ਕੀਤਾ ਜਾ ਸਕਦਾ ਹੈ।

**ਮੇਰੀ ਗਵਾਹੀ:**

ਯਿਸੂ ਦੇ ਲਹੂ ਨੇ ਮੈਨੂੰ **ਧਰਮੀ ਠਹਿਰਾਇਆ** ਹੈ – ਮੈਨੂੰ **ਛੁਡਾਇਆ** ਹੈ – ਮੇਰੇ ਪਾਪਾਂ ਨੂੰ **ਮਾਫ਼ ਕਰ ਦਿੱਤਾ** ਹੈ – ਅਤੇ ਮੈਨੂੰ ਮੇਰੇ ਮੁਕਤੀਦਾਤੇ ਯਿਸੂ ਮਸੀਹ ਅਤੇ ਮੇਰੇ ਸਵਰਗੀ ਪਿਤਾ ਨਾਲ ਸਹੀ ਰਿਸ਼ਤੇ ਵਿੱਚ **ਵਾਪਸ ਜੋੜਿਆ** ਹੈ।

## V. ਯਿਸੂ ਮਸੀਹ ਦਾ ਲਹੂ ਸਾਨੂੰ ਸ਼ੁੱਧ ਜਾਂ ਪਵਿੱਤਰ ਕਰਦਾ ਹੈ

(ਦੋਵਾਂ ਸ਼ਬਦਾਂ ਲਈ ਇੱਕੋ ਯੂਨਾਨੀ ਸ਼ਬਦ ਹੈ। ਸ਼ੁੱਧ ਕਰਨਾ ਕਿਰਿਆ ਹੈ, ਪਵਿੱਤਰ ਨਾਂਵ ਹੈ)

ਇਬਰਾਨੀਆਂ 13:12 ਇਸ ਲਈ ਯਿਸੂ ਨੇ ਵੀ ਭਈ ਲੋਕਾਂ ਨੂੰ **ਆਪਣੇ ਲਹੂ ਨਾਲ ਪਵਿੱਤਰ ਕਰੇ** ਫਾਟਕੋਂ ਬਾਹਰ ਦੁੱਖ ਝੱਲਿਆ। NASV

**NIV ਅਨੁਵਾਦ ਇਸੇ ਗੱਲ ਨੂੰ ਇਸ ਤਰ੍ਹਾਂ ਆਖਦਾ ਹੈ:** ਅਤੇ ਇਸ ਤਰ੍ਹਾਂ ਯਿਸੂ ਨੇ ਵੀ, ਤਾਂ ਜੋ **ਲੋਕਾਂ ਨੂੰ** ਆਪਣੇ **ਲਹੂ** ਦੇ ਰਾਹੀਂ **ਪਵਿੱਤਰ ਕਰੇ** ਨਗਰ ਦੇ ਫਾਟਕੋਂ ਬਾਹਰ ਦੁੱਖ ਝੱਲਿਆ। ਇਬਰਾਨੀਆਂ 13:12 NIV

ਇਬਰਾਨੀਆਂ 10:10 ਅਤੇ ਉਸੇ ਇੱਛਿਆ ਕਰਕੇ ਅਸੀਂ ਯਿਸੂ ਮਸੀਹ ਦੀ ਦੇਹੀ ਦੇ **ਇੱਕੋ ਵਾਰ** ਚੜ੍ਹਾਏ ਜਾਣ ਦੇ ਰਾਹੀਂ **ਪਵਿੱਤਰ ਕੀਤੇ ਗਏ** ਹਾਂ (ਪਵਿੱਤਰ ਕੀਤੇ ਗਏ - NIV)।

ਰਸੂਲਾਂ ਦੇ ਕਰਤਬ 26:18 . . . ਕਿ ਓਹ ਪਾਪਾਂ ਦੀ ਮਾਫ਼ੀ ਅਤੇ ਉਨ੍ਹਾਂ ਵਿੱਚ ਜੋ **ਮੇਰੇ ਉੱਤੇ ਨਿਹਚਾ ਕਰ ਕੇ ਪਵਿੱਤ੍ਰ ਹੋਏ** ਹਨ ਵਿਰਸਾ ਪਾਉਣ।

ਪਵਿੱਤਰ ਜਾਂ ਸ਼ੁੱਧ ਸ਼ਬਦ ਦੇ ਦੋ ਅਰਥ ਹਨ:

1. ਵਿਸ਼ਵਾਸੀ ਕੇਵਲ ਯਿਸੂ ਦੇ ਲਹੂ ਨਾਲ ਇਸ ਲਈ **ਪਵਿੱਤਰ** (ਸ਼ੁੱਧ, ਸਾਫ਼ ਅਤੇ ਧਰਮੀ) ਹੁੰਦਾ ਹੈ ਕਿਉਂਕਿ "ਉਹ ਨੇ ਉਸ ਨੂੰ ਜਿਹੜਾ ਪਾਪ ਦਾ ਜਾਣੂ ਨਹੀਂ ਸੀ ਸਾਡੀ ਖ਼ਾਤਰ ਪਾਪ ਠਹਿਰਾਇਆ ਤਾਂ ਜੋ ਅਸੀਂ ਉਸ ਵਿੱਚ ਹੋ ਕੇ ਪਰਮੇਸ਼ੁਰ ਦਾ ਧਰਮ ਬਣੀਏ।" (2ਕੁਰਿੰਥੀਆਂ 5:21)।

2. ਇਹ ਤੱਥ ਕਿ ਅਸੀਂ ਪਵਿੱਤਰ ਜਾਂ ਸ਼ੁੱਧ ਕੀਤੇ ਗਏ ਹਾਂ ਸਾਨੂੰ ਦੂਸਰਿਆਂ ਤੋਂ **ਅਲੱਗ ਕਰਦਾ** ਹੈ। ਇਹ ਸਾਨੂੰ **ਆਮ** ਅਤੇ **ਸਧਾਰਣ** ਤੋਂ ਅਲੱਗ ਕਰਦਾ ਅਤੇ **ਖਾਸ ਤਰੀਕੇ ਨਾਲ ਇਸਤੇਮਾਲ ਕੀਤੇ ਜਾਣ ਅਤੇ ਵਿਸ਼ੇਸ਼ ਸਹੂਲਤਾਂ** ਲਈ **ਅਰਪਣ** ਕਰਦਾ ਹੈ।

### ਤੁਹਾਨੂੰ ਪਵਿੱਤਰ ਅਤੇ ਬਾਕੀਆਂ ਤੋਂ ਅਲੱਗ ਕੀਤਾ ਗਿਆ ਹੈ – ਇਸ ਲਈ ਸਾਨੂੰ **ਜੀਉਣਾ ਵੀ ਇਸੇ ਤਰ੍ਹਾਂ ਚਾਹੀਦਾ ਹੈ**:

1 ਪਤਰਸ 1:14-16 ਅਤੇ ਆਗਿਆਕਾਰ ਬੱਚਿਆਂ ਵਾਂਙੁ ਆਪਣੀ ਅਗਿਆਨਤਾ ਦੇ ਪਹਿਲੇ ਸਮੇਂ ਦੀਆਂ ਕਾਮਨਾਂ ਦੇ **ਸਰੂਪ** ਜਿਹੇ ਨਾ ਬਣੋ (15) ਸਗੋਂ ਜਿਵੇਂ ਤੁਹਾਡਾ ਸੱਦਣ ਵਾਲਾ ਪਵਿੱਤਰ ਹੈ ਤੁਸੀਂ **ਆਪ ਭੀ** ਤਿਵੇਂ ਹੀ ਆਪਣੀ ਸਾਰੀ ਚਾਲ ਵਿੱਚ **ਪਵਿੱਤਰ ਬਣੋ** (16) ਕਿਉਂ ਜੋ ਲਿਖਿਆ ਹੋਇਆ ਹੈ ਭਈ ਤੁਸੀਂ ਪਵਿੱਤਰ ਬਣੋ ਇਸ ਲਈ ਜੋ ਮੈਂ ਪਵਿੱਤਰ ਹਾਂ। NASU

### ਤੁਸੀਂ ਖਾਸ ਇਸਤੇਮਾਲ ਅਤੇ ਵਿਸ਼ੇਸ਼ ਸਹੂਲਤਾਂ ਲਈ ਅਲੱਗ ਅਤੇ ਨਿਯੁਕਤ ਕੀਤੇ ਗਏ ਹੋ:

1 ਪਤਰਸ 2:9 ਪਰ ਤੁਸੀਂ ਚੁਣਿਆ ਹੋਇਆ ਵੰਸ, **ਜਾਜਕਾਂ ਦੀ ਸ਼ਾਹੀ ਮੰਡਲੀ**, **ਪਵਿੱਤਰ** ਕੌਮ, ਪਰਮੇਸ਼ੁਰ ਦੀ ਖਾਸ ਪਰਜਾ ਹੋ, (ਕਿਉਂ?) **ਭਈ** ਤੁਸੀਂ **ਉਹ ਦਿਆਂ ਗੁਣਾਂ** ਦਾ **ਪਰਚਾਰ ਕਰੋ** ਜਿਹ ਨੇ ਤੁਹਾਨੂੰ ਅਨ੍ਹੇਰੇ ਤੋਂ ਆਪਣੇ ਅਚਰਜ ਚਾਨਣ ਵਿੱਚ ਸੱਦ ਲਿਆ।

ਕੂਚ 11:4-8 ਯਹੋਵਾਹ ਐਉਂ ਫਰਮਾਉਂਦਾ ਹੈ ਕਿ ਮੈਂ ਅੱਧੀਕੁ ਰਾਤ ਨੂੰ ਮਿਸਰ ਦੇ ਵਿੱਚੋਂ ਦੀ ਲੰਘਣ ਵਾਲਾ ਹਾਂ (5) ਅਰ ਮਿਸਰ ਦੇਸ ਵਿੱਚ ਹਰ ਇੱਕ ਪਲੌਠਾ ਮਰ ਜਾਵੇਗਾ, . . . (7) ਪਰ ਕਿਸੇ ਇਸਰਾਏਲੀ ਦੇ ਵਿਰੁੱਧ ਮਨੁੱਖ ਤੋਂ ਲੈ ਕੇ ਡੰਗਰ ਤੀਕ ਇੱਕ ਕੁੱਤਾ ਵੀ ਨਹੀਂ ਭੌਂਕੇਗਾ ਤਾਂ ਜੋ ਤੁਸੀਂ **ਜਾਣੋ** ਕਿ ਯਹੋਵਾਹ ਮਿਸਰੀਆਂ ਅਤੇ ਇਸਰਾਏਲੀਆਂ ਵਿੱਚ ਕਿਵੇਂ **ਭਿੰਨ ਭੇਦ** ਰੱਖਦਾ ਹੈ। **ਆਪਣੇ ਲੋਕਾਂ ਅਤੇ ਸੰਸਾਰ ਦੇ ਲੋਕਾਂ ਵਿੱਚ ਭਿੰਨ ਭੇਦ।** ਪਰਮੇਸ਼ੁਰ ਦੇ ਬੱਚੇ ਹੋਣ ਦੇ ਨਾਤੇ ਤੁਸੀਂ ਬਾਕੀਆਂ ਨਾਲੋਂ **ਖਾਸ** ਹੋ।

ਲੇਲੇ ਦਾ **ਲਹੂ** ਹੀ ਸੀ ਜਿਸ ਨੇ ਇਹ **ਫ਼ਰਕ** ਲਿਆਂਦਾ, ਇਸੇ ਨੇ **ਉਨ੍ਹਾਂ ਨੂੰ** ਬਾਕੀਆਂ ਤੋਂ **ਵੱਖਰੇ ਕੀਤਾ** ਅਤੇ **ਖਾਸ ਤਵੱਜੋ** ਅਤੇ **ਖਾਸ ਸਹੂਲਤਾਂ** ਦੇ ਹੱਕਦਾਰ ਬਣਾਇਆ ਹੈ।

---

ਇਸ ਅਗਲੀ ਆਇਤ ਵਿੱਚ ਇੱਕ ਖਾਸ ਸਥਿਤੀ ਦੱਸੀ ਗਈ ਹੈ ਜਿੱਥੇ ਸਾਨੂੰ ਕੇਵਲ "**ਅਲੱਗ ਕੀਤੇ ਜਾਣ**" ਦਾ ਅਰਥ ਪਤਾ ਲੱਗਦਾ ਹੈ: 1 ਕੁਰਿੰਥੀਆਂ 7:14 ਕਿਉਂ ਜੋ **ਬੇਪਰਤੀਤ** ਪਤੀ ਆਪਣੀ ਪਤਨੀ ਦੇ ਕਾਰਨ **ਪਵਿੱਤਰ ਹੋਇਆ** ਅਤੇ **ਬੇਪਰਤੀਤ** ਪਤਨੀ ਉਸ ਭਰਾ ਦੇ ਕਾਰਨ **ਪਵਿੱਤਰ ਹੋਈ** ਹੈ

- ਧਿਆਨ ਦਿਓ: ਉਪਰੋਕਤ ਆਇਤ ਵਿੱਚ ਬੇਪਰਤੀਤਾ ਸਾਥੀ ਨਿਹਚਾ ਕਰਨ ਨਾਲ ਸ਼ੁੱਧ ਨਹੀਂ ਕੀਤਾ ਜਾਂਦਾ ਜਿਵੇਂ ਕਿ ਰਸੂਲਾਂ ਦੇ ਕਰਤਬ 26:18 ਵਿੱਚ ਹੈ, ਪਰ ਪਰਤੀਤ ਕਰਨ ਵਾਲੇ ਦੇ ਕਾਰਨ ਸ਼ੁੱਧ ਕੀਤਾ ਜਾਂਦਾ ਹੈ।
- ਬੇਪਰਤੀਤਾ ਸਾਥੀ (ਪਤੀ ਜਾਂ ਪਤਨੀ) ਅਤੇ ਬੱਚੇ ਵੀ **ਅਲੱਗ ਕੀਤੇ ਜਾਂਦੇ** ਹਨ ਅਤੇ ਉਹ ਪਰਤੀਤ ਕਰਨ ਵਾਲੇ ਸਾਥੀ (ਪਤੀ ਜਾਂ ਪਤਨੀ) ਦੇ **ਖਾਸ ਸਹੂਲਤਾਂ** ਅਤੇ **ਬਰਕਤਾਂ** ਦਾ ਅਨੰਦ ਉਦੋਂ ਤਕ ਮਾਣ ਸਕਦੇ ਹਨ ਜਦੋਂ ਤਕ ਉਹ ਵਿਆਹੁਤਾ ਜੀਵਨ ਦੇ ਨੇਮ ਵਿੱਚ ਬਣੇ ਰਹਿੰਦੇ ਹਨ। ਲਹੂ ਦੇ ਕਾਰਨ।

ਯਿਸੂ ਦਾ ਲਹੂ ਯਿਸੂ ਦੇ ਵਿਸ਼ਵਾਸੀ ਅਤੇ ਵਿਸ਼ਵਾਸੀ ਦੇ ਘਰ ਜਾਂ ਪਰਿਵਾਰ ਨੂੰ ਬਾਕੀਆਂ ਨਾਲੋਂ "**ਅਲੱਗ ਕਰਕੇ**" ਇੱਕ ਇਸ ਨੂੰ ਇੱਕ **ਪਨਾਹਗਾਹ** ਬਣਾਉਂਦਾ ਹੈ - ਇੱਕ ਸਥਾਨ, ਸ਼ਰਨ-ਸਥਾਨ ਜਾਂ ਸੁਰੱਖਿਆ ਦਾ ਸਥਾਨ ਜਿੱਥੇ ਉਹ ਉਸ ਘਰ ਦੇ ਸਭਨਾਂ ਜੀਆਂ ਦੀ "ਦੁਸ਼ਟ" ਤੋਂ ਰਾਖੀ ਕਰਦਾ ਹੈ।

ਬੇਪਰਤੀਤੇ ਸਾਥੀ ਲਈ **ਸੁਰੱਖਿਆ** ਅਤੇ **ਬਰਕਤ** ਉਦੋਂ ਤਕ ਹੀ ਹੈ ਜਦੋਂ ਤਕ ਉਹ ਪਰਤੀਤ ਕਰਨ ਵਾਲੇ ਸਾਥੀ ਦੀ ਛਾਇਆ ਹੇਠ ਪਨਾਹਗਾਹ, ਸ਼ਰਨ-ਸਥਾਨ ਦੇ ਅੰਦਰ ਰਹਿੰਦਾ ਹੈ। ਪਰ ਜੇਕਰ ਉਹ ਉਸ ਛਾਇਆ ਹੇਠੋਂ ਪਰੇ ਹੋ ਜਾਂਦੇ ਹਨ . . . ਤਾਂ ਇਸ ਨਾਲ "ਦੁਸ਼ਟ" ਨੂੰ ਮੌਕਾ ਮਿਲ ਜਾਂਦਾ ਹੈ। (ਅਫ਼ਸੀਆਂ 4:27; 2ਕੁਰਿੰਥੀਆਂ 2:11; 11:14)

ਕੂਚ 12:13 ਅਤੇ ਉਹ **ਲਹੂ** ਤੁਹਾਡੇ ਲਈ ਘਰਾਂ ਉੱਤੇ ਜਿੱਥੇ ਤੁਸੀਂ ਹੋਵੋਗੇ **ਨਿਸ਼ਾਨ** ਹੋਵੇਗਾ ਅਤੇ ਜਦ **ਮੈਂ ਲਹੂ ਨੂੰ ਵੇਖਾਂਗਾ ਮੈਂ ਤੁਹਾਡੇ ਉੱਤੋਂ ਦੀ ਲੰਘ ਜਾਵਾਂਗਾ** . . . (12:23) ਅਤੇ ਨਾਸ ਕਰਨ ਵਾਲੇ ਨੂੰ ਤੁਹਾਡੇ ਮਾਰਨ ਲਈ ਤੁਹਾਡਿਆਂ ਘਰਾਂ ਵਿੱਚ ਨਾ ਆਉਣ ਦੇਵੇਗਾ।

---

ਵਿਸ਼ਵਾਸੀਆਂ ਅਤੇ ਗੈਰ-ਵਿਸ਼ਵਾਸੀਆਂ ਦਰਮਿਆਨ ਮੁਸ਼ਕਲਾਂ ਅਤੇ ਸਮੱਸਿਆਵਾਂ ਖੜ੍ਹੀਆਂ ਹੋ ਸਕਦੀਆਂ ਹਨ: ਕੂਚ 12:37-38 ਇਸਰਾਏਲੀਆਂ ਨੇ ਰਾਮਸੇਸ ਤੋਂ ਸੁੱਕੋਥ ਵੱਲ ਕੂਚ ਕੀਤਾ ਅਤੇ ਨਿਆਣਿਆਂ ਤੋਂ ਬਿਨਾਂ ਛੇਕੁ ਲੱਖ ਮਨੁੱਖ ਪਾ ਪਿਆਦੇ ਸਨ। (38) ਉਨ੍ਹਾਂ ਦੇ ਨਾਲ **ਮਿਲੀ ਜੁਲੀ ਭੀੜ** ਵੀ ਗਈ

- "ਮਿਲੀ ਜੁਲੀ" ਲਈ ਇਸਤੇਮਾਲ ਕੀਤੇ ਗਏ ਇਬਰਾਨੀ ਸ਼ਬਦ ਦਾ ਅਰਥ ਹੈ: ਰਲੀ ਮਿਲੀ, ਦੋਗਲੀ ਨਸਲ। ਪੁਰਾਣੇ ਨੇਮ ਵਿੱਚ ਇਸੇ ਸ਼ਬਦ ਨੂੰ "ਅਰਬ" ਕਹਿ ਕੇ ਅਨੁਵਾਦ ਕੀਤਾ ਗਿਆ ਹੈ।

"**ਮਿਲੀ ਜੁਲੀ ਭੀੜ**" ਦਾ ਮਤਲਬ ਉਨ੍ਹਾਂ ਸੱਚੇ ਵਿਸ਼ਵਾਸੀਆਂ ਅਤੇ ਗੈਰ-ਵਿਸ਼ਵਾਸੀਆਂ ਦੀ ਭੀੜ ਤੋਂ ਹੈ ਜੋ "ਲੇਲੇ ਦੇ ਲਹੂ" ਨਾਲ "ਸ਼ੁੱਧ ਕੀਤੇ ਗਏ" (ਅਲੱਗ ਕੀਤੇ ਗਏ) ਸਨ ਅਤੇ ਜੋ ਪਰਮੇਸ਼ੁਰ ਦੇ ਲੋਕਾਂ ਦੇ ਨਾਲ ਮਿਸਰ ਤੋਂ ਨਿੱਕਲ ਆਏ ਸਨ।

- ਸਾਫ਼ ਪਤਾ ਲੱਗਦਾ ਹੈ ਕਿ ਕੁਝ ਸਮਝਦਾਰ ਮਿਸਰੀਆਂ ਨੇ ਵੇਖਿਆ ਕਿ ਇਸਰਾਏਲ ਦੇ ਲੋਕਾਂ ਨੂੰ ਬਵਾਂ ਤੋਂ ਛੋਟ ਸੀ ਅਤੇ ਇਸ ਕਰਕੇ ਜਦੋਂ ਇਸਰਾਏਲੀ ਮਿਸਰ ਵਿੱਚੋਂ ਨਿੱਕਲੇ ਤਾਂ ਉਹ ਵੀ ਉਨ੍ਹਾਂ ਦੇ ਨਾਲ ਨਿੱਕਲ ਆਏ।

  ਆਪਣੇ ਦੇਸ਼ ਦੀ ਦੁਰਦਸ਼ਾ ਅਤੇ ਇਸਰਾਏਲੀਆਂ ਦੇ ਪਰਮੇਸ਼ੁਰ ਦੀ ਮਹਾਨ ਸ਼ਕਤੀ ਨੂੰ ਵੇਖ ਕੇ ਉਹ ਵੀ ਆਪਣੇ **ਬਚਾਅ** ਅਤੇ **ਪ੍ਰਬੰਧ** ਵਾਸਤੇ ਪਰਮੇਸ਼ੁਰ ਦੇ ਲੋਕਾਂ ਨਾਲ ਰਲ ਗਏ ਅਤੇ ਉਨ੍ਹਾਂ ਨਾਲ ਯਾਤਰਾ ਉੱਤੇ ਨਿੱਕਲ ਤੁਰੇ। ਪਰ ਉਨ੍ਹਾਂ ਇਸਰਾਏਲ ਦੇ ਪਰਮੇਸ਼ੁਰ ਨੂੰ **ਕਬੂਲ ਨਹੀਂ ਕੀਤਾ** ਸੀ ਅਤੇ ਨਾ ਹੀ **ਉਸ ਦੇ ਪ੍ਰਤੀ** ਉਨ੍ਹਾਂ ਦਾ **ਕੋਈ ਸਮਰਪਣ** ਸੀ।

- ਅੱਜ ਬਹੁਤ ਸਾਰੇ **ਗੈਰ-ਵਿਸ਼ਵਾਸੀ** ਕੇਵਲ ਇਸ ਕਰਕੇ ਬਰਕਤਾਂ ਪਾ ਰਹੇ ਹਨ ਕਿਉਂਕਿ ਉਹ ਕਾਫ਼ੀ ਹੱਦ ਤਕ ਪਰਮੇਸ਼ੁਰ ਦੇ ਨੈਤਿਕ ਕਨੂੰਨਾਂ ਅਨੁਸਾਰ ਜ਼ਿੰਦਗੀ ਜੀਉਂਦੇ ਹਨ, ਜਾਂ ਉਹ ਵਿਸ਼ਵਾਸੀ ਦੇ ਨਾਲ ਰਹਿੰਦੇ ਹਨ।

ਪਰ ਸਾਨੂੰ ਇਹ ਗੱਲ ਤਾਂ ਮੰਨਣੀ ਹੀ ਪਵੇਗੀ ਕਿ ਮਿਲਾਵਟ ਨਾਲ ਸਮੱਸਿਆ ਤਾਂ ਹੁੰਦੀ ਹੀ ਹੈ:

> ਗਿਣਤੀ 11:4 ਫੇਰ **ਰਲੀ ਮਿਲੀ ਭੀੜ** ਜਿਹੜੀ ਉਨ੍ਹਾਂ **ਵਿੱਚ** ਸੀ ਬਹੁਤ ਹਾਬੜ ਗਈ ਅਤੇ ਇਸਰਾਏਲੀ **ਵੀ** ਬਾਰਮ ਬਾਰ ਰੋਏ ਅਤੇ ਆਖਣ ਲੱਗੇ, ਸਾਨੂੰ ਮਾਸ ਕੌਣ ਖਵਾਵੇਗਾ? NKJV (NIV ਅਨੁਵਾਦ ਵਿੱਚ ਜੋ ਅੰਗ੍ਰੇਜ਼ੀ ਸ਼ਬਦ ਇਸਤੇਮਾਲ ਕੀਤਾ ਗਿਆ ਹੈ ਉਸ ਦਾ ਅਰਥ ਹੈ: ਹਜੂਮ)

- ਇਸ ਆਇਤ ਤੋਂ ਪਤਾ ਲੱਗਦਾ ਹੈ ਕਿ ਉਨ੍ਹਾਂ ਵਿੱਚ ਜੋ "**ਰਲਿਆ ਮਿਲਿਆ ਹਜੂਮ**" ਸੀ ਉਸੇ ਨੇ ਕੁੜਕੁੜਾਹਟ ਅਤੇ ਰੋਣ-ਪਿੱਟਣ ਨੂੰ ਸ਼ੁਰੂ ਕੀਤਾ। ਉਹ ਇਹ ਮੁਸ਼ਕਲਾਂ ਝੱਲਣ ਲਈ ਉੱਥੋਂ ਨਹੀਂ ਨਿੱਕਲੇ ਸਨ।

- ਫਿਰ ਜਿਵੇਂ ਕਿ 1 ਕੁਰਿੰਥੀਆਂ 10:1-11 ਵਿੱਚ ਅਸੀਂ ਪੜ੍ਹਦੇ ਹਾਂ: (5) ਪਰੰਤੂ ਪਰਮੇਸ਼ੁਰ ਓਹਨਾਂ ਵਿੱਚੋਂ ਬਾਹਲਿਆਂ ਨਾਲ ਪਰਸੰਨ ਨਹੀਂ ਸੀ ਸੋ ਓਹ ਉਜਾੜ ਵਿੱਚ ਢਹਿ ਪਏ।

**ਅਸੀਂ ਵੀ ਇੱਕ ਮਿਲੀ ਜੁਲੀ ਭੀੜ ਦੇ ਨਾਲ ਰਹਿੰਦੇ ਸਾਂ ਅਤੇ ਹੁਣ ਵੀ ਰਹਿ ਰਹੇ ਹਾਂ:**

ਅਫ਼ਸੀਆਂ 2:2-8 ਜਿਨ੍ਹਾਂ ਦੇ ਵਿੱਚ ਤੁਸੀਂ ਇਸ ਸੰਸਾਰ ਦੇ ਵਿਹਾਰ **ਅਨੁਸਾਰ** ਹਵਾਈ ਇਖ਼ਤਿਆਰ ਦੇ ਸਰਦਾਰ ਦੇ ਅਰਥਾਤ ਉਸ **ਰੂਹ ਦੇ ਅਨੁਸਾਰ** ਅੱਗੇ ਚੱਲਦੇ ਸਾਓ ਜਿਹੜੀ ਹੁਣ ਅਣਆਗਿਆਕਾਰੀ ਦੇ ਪੁੱਤ੍ਰਾਂ ਵਿੱਚ ਅਸਰ ਕਰਦੀ ਹੈ (3) ਅਤੇ **ਉਨ੍ਹਾਂ ਵਿੱਚ** ਅਸੀਂ ਵੀ ਸੱਭੇ ਸਰੀਰ ਅਤੇ ਮਨ ਦੀਆਂ ਚਾਹਵਾਂ ਨੂੰ ਪੂਰੇ ਕਰਦਿਆਂ ਆਪਣੇ ਸਰੀਰ ਦੀਆਂ ਕਾਮਨਾਂ ਵਿੱਚ **ਅੱਗੇ ਦਿਨ ਕੱਟਦੇ** ਸਾਂ (ਕੁਝ ਹੱਦ ਤਕ ਹਾਲੇ ਵੀ ਇਸੇ ਤਰ੍ਹਾਂ ਜੀ ਰਹੇ ਹਾਂ) ਅਤੇ ਹੋਰਨਾਂ ਵਾਂਙੁ ਆਪਣੇ ਸੁਭਾਉ ਕਰਕੇ ਗਜ਼ਬ ਦੇ ਪੁੱਤ੍ਰ ਸਾਂ (4) ਪਰੰਤੂ **ਪਰਮੇਸ਼ੁਰ** ਨੇ ਜਿਹੜਾ **ਦਯਾ** ਦਾ ਧਨੀ ਹੈ ਆਪਣੇ ਉਸ **ਵੱਡੇ ਪ੍ਰੇਮ** ਕਰਕੇ ਜਿਸ ਤੋਂ ਉਹ ਨੇ ਸਾਡੇ ਨਾਲ ਪ੍ਰੇਮ ਕੀਤਾ (5) ਜਦੋਂ **ਅਸੀਂ** ਅਪਰਾਧਾਂ ਦੇ ਕਾਰਨ **ਮੁਰਦੇ ਹੀ ਸਾਂ** ਤਦੋਂ ਸਾਨੂੰ ਮਸੀਹ ਦੇ ਨਾਲ **ਜਿਵਾਲਿਆ** (**ਕਿਰਪਾ** ਤੋਂ ਹੀ ਤੁਸੀਂ ਬਚਾਏ ਗਏ ਹੋ)

**2 ਕੁਰਿੰਥੀਆਂ 6:14-18 ਵਿੱਚ ਪੌਲੁਸ ਮਿਲੀ ਜੁਲੀ ਭੀੜ ਦੇ ਮਾੜੇ ਨਤੀਜਿਆਂ ਬਾਰੇ ਦੱਸਦਾ ਹੈ:** ਤੁਸੀਂ ਬੇਪਰਤੀਤਿਆਂ ਨਾਲ ਅਣਸਾਵੇਂ ਨਾ ਜੁੱਤੋ ਕਿਉਂ ਜੋ ਧਰਮ ਅਤੇ ਕੁਧਰਮ ਵਿੱਚ ਕੀ ਸਾਂਝ ਹੈ? ਯਾ ਚਾਨਣ ਦਾ ਅਨ੍ਹੇਰੇ ਨਾਲ ਕੀ ਮੇਲ ਹੈ? . . . (17) ਇਸ ਲਈ **ਉਨ੍ਹਾਂ ਵਿੱਚੋਂ ਨਿੱਕਲ ਆਓ ਅਤੇ ਅੱਡ ਹੋਵੋ**, ਪ੍ਰਭੁ ਆਖਦਾ ਹੈ, ਅਤੇ **ਕਿਸੇ ਭ੍ਰਿਸ਼ਟ ਵਸਤ ਨੂੰ ਹੱਥ ਨਾ ਲਾਓ**, ਮੈਂ ਤੁਹਾਨੂੰ ਕਬੂਲ ਕਰ ਲਵਾਂਗਾ।

**2 ਪਤਰਸ 2 ਅਧਿਆਏ ਵਿੱਚ ਪਤਰਸ ਇਸੇ ਵਿਸ਼ੇ ਤੇ ਬਹੁਤ ਸਾਰੀਆਂ ਅਤੇ ਸਖ਼ਤ ਗੱਲਾਂ ਆਖਦਾ ਹੈ**

2 ਪਤਰਸ 2:6-10 ਅਤੇ ਸਦੂਮ ਅਤੇ ਅਮੂਰਾਹ ਦੇ ਨਗਰਾਂ ਨੂੰ ਸੁਆਹ ਕਰ ਕੇ ਢਾਹ ਸੁੱਟਣ ਦਾ ਹੁਕਮ ਦਿੱਤਾ ਅਤੇ ਉਨ੍ਹਾਂ ਨੂੰ ਉਹ ਦੇ ਪਿੱਛੋਂ ਦੇ ਕੁਧਰਮੀਆਂ ਲਈ ਇੱਕ **ਨਮੂਨਾ** ਠਹਿਰਾ ਛੱਡਿਆ ਹੈ। (7) ਅਤੇ **ਲੂਤ** ਨੂੰ ਜਿਹੜਾ **ਧਰਮੀ** ਸੀ ਦੁਸ਼ਟਾਂ ਦੇ ਲੁੱਚਪੁਣੇ ਦੀ ਚਾਲ ਤੋਂ ਜਿੱਚ ਹੁੰਦਾ ਸੀ ਬਚਾ ਲਿਆ। (8) (ਕਿਉਂ ਜੋ ਉਹ ਧਰਮੀ ਪੁਰਖ **ਉਨ੍ਹਾਂ ਵਿੱਚ ਵਸਦਿਆਂ** ਵੇਖ ਸੁਣ ਕੇ ਦਿਨੋ ਦਿਨ ਆਪਣੀ ਧਰਮੀ ਜਾਨ ਨੂੰ ਉਨ੍ਹਾਂ ਦਿਆਂ ਭੈੜਿਆਂ ਕਰਮਾਂ ਤੋਂ **ਦੁਖੀ ਕਰਦਾ** ਸੀ) (9) ਤਾਂ ਪ੍ਰਭੁ ਭਗਤਾਂ ਨੂੰ ਪਰਤਾਵੇ ਵਿੱਚੋਂ ਕੱਢਣਾ ਅਤੇ ਕੁਧਰਮੀਆਂ ਨੂੰ **ਨਿਆਉਂ ਦੇ ਦਿਨ** ਤੀਕ ਸਜ਼ਾ ਹੇਠ ਰੱਖਣਾ ਜਾਣਦਾ ਹੈ!

- ਲੂਤ ਅਤੇ ਉਸ ਦਾ ਪਰਿਵਾਰ **ਜਿੱਥੇ** ਅਤੇ **ਜਿਨ੍ਹਾਂ** ਲੋਕਾਂ ਦੇ ਨਾਲ ਰਹਿੰਦਾ ਸੀ ਉਨ੍ਹਾਂ ਕਰਕੇ ਉਹ ਬੜੀ ਗੰਭੀਰ ਪਰੇਸ਼ਾਨੀ ਵਿੱਚ ਫਸ ਗਏ। ਵੇਰਵੇ ਲਈ ਵੇਖੋ ਉਤਪਤ 19 ਅਧਿਆਏ।

2 ਪਤਰਸ 3:10-14 ਪਰੰਤੂ **ਪ੍ਰਭੁ ਦਾ ਦਿਨ** ਚੋਰ ਵਾਂਙੁ ਆਵੇਗਾ ਜਿਹ ਦੇ ਵਿੱਚ ਅਕਾਸ਼ ਸਰਨਾਟੇ ਨਾਲ ਜਾਂਦੇ ਰਹਿਣਗੇ ਅਤੇ ਮੂਲ ਵਸਤਾਂ ਵੱਡੇ ਤਾਉ ਨਾਲ ਤਪ ਕੇ ਢਲ ਜਾਣਗੀਆਂ ਅਤੇ ਧਰਤੀ ਉਨ੍ਹਾਂ ਕਾਰਾਗਰੀਆਂ ਸਣੇ ਜੋ ਉਸ ਵਿੱਚ ਹਨ ਜਲ ਬਲ ਜਾਵੇਗੀ। (11) ਜਦੋਂ ਏਹ ਸੱਭੇ ਵਸਤਾਂ ਇਉਂ ਢਲ ਜਾਣ ਵਾਲੀਆਂ ਹਨ ਤਾਂ ਤੁਹਾਨੂੰ ਹਰ ਪਰਕਾਰ ਦੇ **ਪਵਿੱਤ੍ਰ ਚਲਣ** ਵਿੱਚ **ਅਤੇ ਭਗਤੀ** ਵਿੱਚ ਕੇਹੋ ਜੇਹੇ ਹੋਣਾ ਚਾਹੀਦਾ ਹੈ? (12) ਅਤੇ **ਪਰਮੇਸ਼ੁਰ ਦੇ ਉਸ ਦਿਨ** ਦੇ ਆਉਣ ਨੂੰ ਉਡੀਕਦੇ ਅਤੇ ਲੋਚਦੇ ਰਹੋ ਜਿਹ ਦੇ ਕਾਰਨ ਅਕਾਸ਼ ਬਲ ਕੇ ਢਲ ਜਾਣਗੇ ਅਤੇ ਮੂਲ ਵਸਤਾਂ ਵੱਡੇ ਤਾਉ ਨਾਲ ਤਪ ਕੇ ਪੱਘਰ ਜਾਣਗੀਆਂ। (13) ਪਰ ਉਹ ਦੇ ਬਚਨ ਦੇ ਅਨੁਸਾਰ **ਅਸੀਂ** ਨਵੇਂ ਅਕਾਸ਼ ਅਤੇ ਨਵੀਂ ਧਰਤੀ ਦੀ **ਉਡੀਕ ਕਰਦੇ ਹਾਂ** ਜਿਨ੍ਹਾਂ ਵਿੱਚ **ਧਰਮ ਵੱਸਦਾ** ਹੈ। (14) ਇਸ ਲਈ ਹੇ ਪਿਆਰਿਓ, ਜਦੋਂ ਤੁਸੀਂ ਇਨ੍ਹਾਂ ਗੱਲਾਂ ਦੀ ਉਡੀਕ ਕਰਦੇ ਹੋ ਤਾਂ **ਜਤਨ ਕਰੋ** ਭਈ ਤੁਸੀਂ **ਸ਼ਾਂਤੀ** ਨਾਲ ਉਹ ਦੇ ਅੱਗੇ **ਨਿਰਮਲ** ਅਤੇ **ਨਿਹਕਲੰਕ** ਠਹਿਰੋ।

2 ਪਤਰਸ 3:17-18 ਸੋ ਹੇ ਪਿਆਰਿਓ, ਜਦੋਂ ਤੁਸੀਂ ਅੱਗੇ ਹੀ ਏਹ ਗੱਲਾਂ ਜਾਣਦੇ ਹੋ ਤਾਂ ਚੌਕਸ ਰਹੋ ਭਈ ਕਿਤੇ ਨਾ ਹੋਵੇ ਜੋ ਦੁਸ਼ਟਾਂ ਦੀ ਭੁੱਲ ਨਾਲ ਭਰਮ ਕੇ ਆਪਣੀ **ਦ੍ਰਿੜ੍ਹਤਾ** ਤੋਂ ਡਿੱਗ ਪਓ। (18) ਪਰ ਸਾਡੇ ਪ੍ਰਭੁ ਅਤੇ ਮੁਕਤੀ ਦਾਤੇ ਯਿਸੂ ਮਸੀਹ ਦੀ **ਕਿਰਪਾ** ਅਤੇ **ਗਿਆਨ** ਵਿੱਚ **ਵਧਦੇ ਜਾਓ**। ਉਹ ਦੀ ਵਡਿਆਈ ਹੁਣ ਅਤੇ ਜੁੱਗੋ ਜੁੱਗ ਹੁੰਦੀ ਰਹੇ। ਆਮੀਨ।

**ਮੇਰੀ ਗਵਾਹੀ:** ਯਿਸੂ ਦੇ ਲਹੂ ਨੇ ਮੈਨੂੰ ਸ਼ੁੱਧ ਕੀਤਾ ਹੈ, ਮੈਨੂੰ ਪਵਿੱਤਰ ਕੀਤਾ ਹੈ ਅਤੇ ਉਸ ਦੇ **ਸੇਵਕ** ਅਤੇ **ਰਾਜਦੂਤ** ਦੇ ਤੌਰ ਤੇ ਖਾਸ ਤਰੀਕੇ ਨਾਲ ਇਸਤੇਮਾਲ ਹੋਣ ਲਈ ਅਲੱਗ ਕੀਤਾ ਹੈ।

1 ਪਤਰਸ 1:13-16 ਇਸ ਲਈ ਤੁਸੀਂ **ਆਪਣੀ ਬੁੱਧ ਦਾ ਲੱਕ ਬੰਨ੍ਹ ਕੇ** ਸੁਚੇਤ ਰਹੋ ਅਤੇ ਓਸ **ਕਿਰਪਾ ਦੀ ਪੂਰੀ ਆਸ ਰੱਖੋ** ਜਿਹੜੀ ਯਿਸੂ ਮਸੀਹ ਦੇ ਪਰਕਾਸ਼ ਹੋਣ ਦੇ ਸਮੇਂ ਤੁਹਾਡੇ ਉੱਤੇ ਹੋਣ ਵਾਲੀ ਹੈ। (14) ਅਤੇ **ਆਗਿਆਕਾਰ** ਬੱਚਿਆਂ ਵਾਂਙੁ ਆਪਣੀ ਅਗਿਆਨਤਾ ਦੇ ਪਹਿਲੇ ਸਮੇਂ ਦੀਆਂ ਕਾਮਨਾਂ ਦੇ **ਸਰੂਪ ਜੇਹੇ ਨਾ ਬਣੋ**। (15) ਸਗੋਂ ਜਿਵੇਂ ਤੁਹਾਡਾ ਸੱਦਣ ਵਾਲਾ ਪਵਿੱਤਰ ਹੈ **ਤੁਸੀਂ ਆਪ ਭੀ** ਤਿਵੇਂ ਹੀ ਆਪਣੀ **ਸਾਰੀ ਚਾਲ** ਵਿੱਚ **ਪਵਿੱਤਰ ਬਣੋ**। (16) ਕਿਉਂ ਜੋ ਇਹ ਲਿਖਿਆ ਹੋਇਆ ਹੈ ਭਈ ਤੁਸੀਂ ਪਵਿੱਤਰ ਬਣੋ ਇਸ ਲਈ ਜੋ ਮੈਂ ਪਵਿੱਤਰ ਹਾਂ।

## VI. ਉਸ ਦਾ ਲਹੂ ਸਾਨੂੰ ਸ਼ੁੱਧ ਕਰਦਾ ਹੈ:

ਯਿਸੂ ਦੇ ਲਹੂ ਦਾ ਇੱਕ ਹੋਰ ਬੇਹੱਦ ਮਹੱਤਵਪੂਰਣ ਕੰਮ ਹੈ ਸਾਨੂੰ ਸਾਡੇ ਰੋਜ਼ਾਨਾ ਦੇ ਪਾਪਾਂ ਤੋਂ **ਲਗਾਤਾਰ ਸ਼ੁੱਧ ਕਰਦੇ ਰਹਿਣਾ** ਜਿਸ ਦੇ ਨਤੀਜੇ ਵੱਜੋਂ ਸਾਨੂੰ ਯਿਸੂ ਨਾਲ ਅਤੇ ਇੱਕ ਦੂਜੇ ਨਾਲ **ਸੰਗਤੀ** / **ਸਾਂਝ** / **ਨੇੜਤਾ** ਹਾਸਲ ਹੁੰਦੀ ਹੈ।

**ਪੜ੍ਹੋ: 1 ਯੂਹੰਨਾ 1:5-10**

1 ਯੂਹੰਨਾ 1:7 ਪਰ **ਜੇ** ਅਸੀਂ **ਚਾਨਣ ਵਿੱਚ ਚੱਲੀਏ** ਜਿਵੇਂ ਉਹ ਚਾਨਣ ਵਿੱਚ ਹੈ ਤਾਂ ਸਾਡੀ ਆਪੋ ਵਿੱਚੀਂ **ਸੰਗਤ** ਹੈ ਅਤੇ ਉਹ ਦੇ ਪੁੱਤ੍ਰ **ਯਿਸੂ ਦਾ ਲਹੂ ਸਾਨੂੰ ਸਾਰੇ ਪਾਪ ਤੋਂ ਸ਼ੁੱਧ ਕਰਦਾ** ਹੈ।

**ਕਿਰਪਾ ਕਰਕੇ ਧਿਆਨ ਦਿਓ:** ਯਿਸੂ ਦੇ ਲਹੂ ਦੇ ਇਸ ਗੁਣ ਦਾ ਕੰਮ ਹੈ ਸ਼ੁੱਧ ਕਰਨਾ, ਜਿਸ ਦੇ ਨਤੀਜੇ ਵੱਜੋਂ ਸਾਡੀ ਯਿਸੂ ਨਾਲ ਅਤੇ ਇੱਕ ਦੂਸਰੇ ਨਾਲ ਸੰਗਤੀ ਬਣੀ ਰਹਿੰਦੀ ਹੈ।

ਇਹ ਇਨ੍ਹਾਂ ਸ਼ਰਤਾਂ ਤੇ ਅਧਾਰਤ ਹੈ:

(1) **ਅਸੀਂ ਕੀ ਕਰਦੇ ਹਾਂ – ਕਿਵੇਂ ਜੀਉਂਦੇ ਹਾਂ – ਕਿਵੇਂ ਚੱਲਦੇ ਹਾਂ** (ਚਾਨਣ ਵਿੱਚ)। ਇਹ ਸਾਡੀ ਗਵਾਹੀ ਦਾ ਇੱਕ ਮਹੱਤਵਪੂਰਣ ਹਿੱਸਾ ਹੈ। ਸਿਰਫ਼ ਸਾਡੇ ਮੂੰਹ ਦੇ ਸ਼ਬਦ ਨਹੀਂ, ਬਲਕਿ ਇਹ ਕਿ ਅਸੀਂ ਹਰ ਦਿਨ ਕਿਵੇਂ ਜੀਉਂਦੇ ਹਾਂ।

ਯੂਹੰਨਾ 5:36 ਪਰ **ਜਿਹੜੀ ਸਾਖੀ ਮੇਰੇ ਕੋਲ** ਹੈ ਉਹ ਯੂਹੰਨਾ ਦੀ ਸਾਖੀ ਨਾਲੋਂ ਵੱਡੀ ਹੈ ਕਿਉਂਕਿ ਜੋ **ਕੰਮ** ਪਿਤਾ ਨੇ ਮੈਨੂੰ ਸੰਪੂਰਣ ਕਰਨ ਲਈ ਸੌਂਪੇ ਹਨ ਅਰਥਾਤ **ਏਹੋ ਕੰਮ ਜੋ ਮੈਂ ਕਰਦਾ** ਹਾਂ ਸੋਈ **ਮੇਰੇ ਹੱਕ ਵਿੱਚ ਸਾਖੀ ਦਿੰਦੇ** ਹਨ ਭਈ ਪਿਤਾ ਨੇ ਮੈਨੂੰ ਘੱਲਿਆ ਹੈ।

ਕੁਲੁੱਸੀਆਂ 3:17 ਅਤੇ ਸਭ ਜੋ ਕੁਝ **ਤੁਸੀਂ ਕਰੋ** ਭਾਵੇਂ **ਬਚਨ** ਭਾਵੇਂ **ਕਰਮ** ਸੱਭੋ ਹੀ ਪ੍ਰਭੁ ਯਿਸੂ ਦੇ ਨਾਮ ਉੱਤੇ ਕਰੋ ਅਰ ਉਹ ਦੇ ਰਾਹੀਂ ਪਿਤਾ ਪਰਮੇਸ਼ੁਰ ਦਾ ਧੰਨਵਾਦ ਕਰੋ।

(2) ਇਹ ਇਸ ਸ਼ਰਤ ਤੇ ਅਧਾਰਤ ਹੈ: "ਜੇ ਅਸੀਂ ਆਪਣਿਆਂ ਪਾਪਾਂ ਦਾ ਇਕਰਾਰ ਕਰੀਏ।" 1 ਯੂਹੰਨਾ 1:9

ਸ਼ੁੱਧ ਕੀਤਾ ਜਾਣਾ ਹਰ ਦਿਨ ਲਗਾਤਾਰ ਚੱਲਣ ਵਾਲੀ ਪ੍ਰਕ੍ਰਿਆ ਹੈ ਜੋ ਕਿ ਇਨ੍ਹਾਂ ਗੱਲਾਂ ਤੇ ਨਿਰਭਰ ਕਰਦੀ ਹੈ **(1) ਅਸੀਂ ਕਿਵੇਂ ਜੀਉਂਦੇ ਹਾਂ** ਅਤੇ (2) **ਆਪਣੇ ਪਾਪਾਂ ਦਾ ਇਕਰਾਰ ਕਰਨਾ**। ਅਸੀਂ ਸ਼ੁੱਧ ਹੋ ਕੇ ਸੰਗਤੀ ਵਿੱਚ ਰਹਿ ਸਕਦੇ ਹਾਂ, ਜਾਂ ਫਿਰ ਨਹੀਂ ਰਹਿ ਸਕਦੇ।
ਸ਼ੁੱਧ ਕੀਤੇ ਜਾਣ ਨਾਲ ਸਾਡੇ **ਸਦੀਪਕ ਭਵਿੱਖ** ਉੱਤੇ ਅਸਰ **ਨਹੀਂ ਪੈਂਦਾ** ਪਰ ਇਸ ਦਾ ਪ੍ਰਭੂ ਨਾਲ ਅਤੇ ਇੱਕ ਦੂਸਰੇ ਨਾਲ ਸਾਡੀ ਸੰਗਤੀ, ਸਾਡੀ ਸਾਂਝ ਉੱਤੇ ਅਸਰ ਜ਼ਰੂਰ ਪੈਂਦਾ ਹੈ।

ਜੇਕਰ ਅਸੀਂ ਸ਼ੁੱਧ **ਨਹੀਂ** ਹਾਂ ਅਤੇ ਚਾਨਣ ਵਿੱਚ ਨਹੀਂ ਹਾਂ ਤਾਂ ਅਸੀਂ "ਦੁਸ਼ਟ" ਨੂੰ ਸਾਡੇ ਉੱਤੇ ਹੱਥ ਪਾਉਣ ਦਾ ਮੌਕਾ ਦਿੰਦੇ ਹਾਂ। (2 ਕੁਰਿੰਥੀਆਂ 2:10-11; ਅਫ਼ਸੀਆਂ 4:25-27)

ਤਾਂ ਵੀ, ਮਾਫ਼ੀ, ਜਿਸ ਦੇ ਨਤੀਜੇ ਵੱਜੋਂ ਸਾਨੂੰ ਸਦੀਪਕ ਛੁਟਕਾਰਾ ਮਿਲਦਾ ਹੈ, ਇਹ **ਸਾਡੇ ਲਈ ਹਾਸਲ ਕੀਤੀ ਗਈ ਸੀ** ਅਤੇ **ਕੀਤੀ ਗਈ ਹੈ** ਅਤੇ ਇਸ ਦੀ **ਇੱਕੋ-ਇੱਕ** ਸ਼ਰਤ ਹੈ: **ਜੇਕਰ ਤੁਸੀਂ ਵਿਸ਼ਵਾਸ ਕਰੋ** (ਯੂਹੰਨਾ 3:16; 11:40; ਰਸੂਲਾਂ ਦੇ ਕਰਤਬ 8:37 ਅਤੇ ਹੋਰ ਵੀ ਬਹੁਤ ਸਾਰੀਆਂ ਆਇਤਾਂ)।

ਅਫ਼ਸੀਆਂ 1:7 ਜਿਹ ਦੇ ਵਿੱਚ **ਉਸ ਦੇ ਲਹੂ** ਦੇ ਦੁਆਰਾ **ਸਾਨੂੰ ਨਿਸਤਾਰਾ** ਅਰਥਾਤ ਅਪਰਾਧਾਂ ਦੀ **ਮਾਫ਼ੀ ਉਹ ਦੀ ਕਿਰਪਾ ਦੇ ਧਨ** ਅਨੁਸਾਰ **ਮਿਲਦੀ ਹੈ**

ਇਬਰਾਨੀਆਂ 9:12 ਸਗੋਂ **ਆਪਣੇ ਹੀ ਲਹੂ** ਦੇ ਰਾਹੀਂ ਪਵਿੱਤਰ ਅਸਥਾਨਾਂ ਦੇ ਅੰਦਰ **ਸਦੀਪਕ ਨਿਸਤਾਰਾ ਕਮਾ ਕੇ ਇੱਕੋ ਵਾਰ** ਅੰਦਰ ਗਿਆ।

1 ਯੂਹੰਨਾ 1:5-10 ਵਿੱਚ ਜਿਸ ਸ਼ੁੱਧਤਾ ਬਾਰੇ ਦੱਸਿਆ ਗਿਆ ਹੈ ਉਹ ਸੰਗਤੀ ਲਈ ਹੈ, **ਨਾ ਕਿ ਸਦੀਪਕ ਜੀਵਨ ਲਈ**।

ਉਦਾਹਰਣ: ਲੂਕਾ 22:24-32 ਉਨ੍ਹਾਂ ਦੇ ਆਪਸੀ ਤਕਰਾਰ ਨੇ ਪ੍ਰਭੂ ਨਾਲ ਅਤੇ ਇੱਕ ਦੂਸਰੇ ਨਾਲ ਉਨ੍ਹਾਂ ਦੀ ਸੰਗਤੀ ਵਿੱਚ ਵਿਘਨ, ਰੁਕਾਵਟ ਪਾ ਦਿੱਤੀ ਜਿਸ ਨਾਲ ਸ਼ਤਾਨ ਨੂੰ ਆਪਣੀ ਬੁਰੀ ਚਾਲ ਚੱਲਣ ਦਾ ਮੌਕਾ ਮਿਲ ਗਿਆ। 2 ਕੁਰਿੰਥੀਆਂ 2:10-11; ਅਫ਼ਸੀਆਂ 4:25-27

ਭਾਵੇਂ ਅਸੀਂ ਯਿਸੂ ਦੇ ਲਹੂ ਨਾਲ ਸ਼ੁੱਧ ਕੀਤੇ ਹੋਣ ਦਾ **ਦਾਵਾ** ਕਰੀਏ, ਪਰ **ਜੇਕਰ** ਅਸੀਂ **ਸ਼ਰਤਾਂ ਪੂਰੀਆਂ ਨਹੀਂ ਕਰਦੇ** ਤਾਂ ਅਸੀਂ ਆਪਣੇ ਪ੍ਰਭੂ ਨਾਲ ਉਸ **ਸੰਗਤੀ** ਅਤੇ **ਭਰਪੂਰ ਨੇੜਤਾ** ਦਾ ਅਨੰਦ ਨਹੀਂ ਮਾਣ ਸਕਾਂਗੇ ਜਿਸ ਦੀ ਉਹ ਇੱਛਾ ਕਰਦਾ ਅਤੇ ਸਾਡੇ ਨਾਲ ਰੱਖਣਾ ਚਾਹੁੰਦਾ ਹੈ।

ਯਿਸੂ ਦਾ ਲਹੂ ਹਨੇਰੇ ਵਿੱਚ ਸ਼ੁੱਧ ਨਹੀਂ ਕਰਦਾ, ਪਰ ਕੇਵਲ ਉਦੋਂ ਜਦੋਂ ਅਸੀਂ ਚਾਨਣ ਵਿੱਚ ਚੱਲਦੇ ਹਾਂ। ਅਰਥਾਤ – ਸਚਾਈ, ਇਮਾਨਦਾਰੀ ਅਤੇ ਭਰੋਸੇਯੋਗਤਾ ਵਿੱਚ। ਭਾਵ ਕਿ ਜਦੋਂ ਵੀ ਸਾਥੋਂ ਪਾਪ ਹੋ ਜਾਵੇ ਤਾਂ ਅਸੀਂ ਤੁਰੰਤ ਇਸ ਨੂੰ ਪ੍ਰਭੂ ਦੇ ਸਾਹਮਣੇ ਅਤੇ ਸਬੰਧਤ ਲੋਕਾਂ ਸਾਹਮਣੇ ਮੰਨ ਲਈਏ।

ਲਗਾਤਾਰ ਇਕਰਾਰ ਕਰਨ ਨੂੰ "ਆਤਮਿਕ ਤੌਰ ਤੇ ਸਾਹ ਲੈਣਾ" ਕਿਹਾ ਜਾ ਸਕਦਾ ਹੈ:

ਪਾਪ ਦੇ ਇਕਰਾਰ ਨੂੰ ਸਾਹ ਦੇ ਰੂਪ ਵਿੱਚ ਬਾਹਰ ਕੱਢਣਾ – ਮਾਫ਼ੀ ਅਤੇ ਸ਼ੁੱਧ ਕੀਤੇ ਜਾਣ ਨੂੰ ਸਾਹ ਦੇ ਰੂਪ ਵਿੱਚ ਅੰਦਰ ਖਿੱਚ ਲੈਣਾ।

ਸ਼ੁੱਧ, ਅਦੂਸ਼ਿਤ ਬਣੇ ਰਹਿਣ ਲਈ ਸਾਨੂੰ ਯਿਸੂ ਦੇ ਲਹੂ ਦੁਆਰਾ ਲਗਾਤਾਰ ਸ਼ੁੱਧ ਕੀਤੇ ਜਾਂਦੇ ਰਹਿਣ ਦੀ ਲੋੜ ਹੈ। ਆਪਣੇ ਪਾਪ ਭਰੇ ਵਿਚਾਰਾਂ, ਸ਼ਬਦਾਂ ਅਤੇ ਕੰਮਾਂ ਦਾ ਲਗਾਤਾਰ ਇਕਰਾਰ ਕਰਦੇ ਰਹਿਣਾ।

**ਚਾਨਣ ਵਿੱਚ ਚੱਲਣ ਲਈ ਦੋ ਕੰਮ ਕਰਨੇ ਪੈਂਦੇ ਹਨ:**

1. ਪਰਮੇਸ਼ੁਰ ਦੇ ਵਚਨ ਦੀ **ਆਗਿਆਕਾਰੀ** ਵਿੱਚ ਚੱਲਣਾ
   ਜ਼ਬੂਰ 119:105 ਤੇਰਾ ਬਚਨ ਮੇਰੇ ਪੈਰਾਂ ਲਈ ਦੀਪਕ, ਅਤੇ ਮੇਰੇ ਰਾਹ ਦਾ ਚਾਨਣ ਹੈ।

2. ਅਤੇ ਸੰਗੀ ਵਿਸ਼ਵਾਸੀਆਂ ਨਾਲ **ਸਚਾਈ** ਅਤੇ **ਪ੍ਰੇਮ** ਦਾ ਵਿਹਾਰ ਰੱਖਣਾ

2 ਤਿਮੋਥਿਉਸ 2:19-22 (21) ਸੋ ਜੇ ਕੋਈ **ਆਪਣੇ ਆਪ** ਨੂੰ ਇਨ੍ਹਾਂ ਤੋਂ **ਸ਼ੁੱਧ ਕਰੇ** ਤਾਂ ਉਹ **ਆਦਰ ਦੇ ਕੰਮ ਲਈ ਪਵਿੱਤਰ ਕੀਤਾ** ਹੋਇਆ **ਮਾਲਕ ਦੇ ਵਰਤਣ ਜੋਗ** ਅਤੇ ਹਰੇਕ ਚੰਗੇ ਕੰਮ ਲਈ **ਤਿਆਰ ਕੀਤਾ** ਹੋਇਆ ਭਾਂਡਾ ਹੋਵੇਗਾ।

ਯੂਹੰਨਾ ਰਸੂਲ ਇਸ ਵਿਸ਼ੇ ਤੇ ਲਿਖੀ ਆਪਣੀ ਪੱਤ੍ਰੀ ਨੂੰ ਇਸ ਤਰ੍ਹਾਂ ਸਮਾਪਤ ਕਰਦਾ ਹੈ:

1 ਯੂਹੰਨਾ 5:18 ਅਸੀਂ ਜਾਣਦੇ ਹਾਂ ਭਈ ਹਰ ਕੋਈ ਜਿਹੜਾ ਪਰਮੇਸ਼ੁਰ ਤੋਂ ਜੰਮਿਆ ਹੈ ਸੋ ਪਾਪ ਨਹੀਂ **ਕਰਦਾ** ਸਗੋਂ ਜਿਹੜਾ ਪਰਮੇਸ਼ੁਰ ਤੋਂ ਜੰਮਿਆ ਸੀ ਉਹ ਉਸ ਦੀ **ਰੱਛਿਆ ਕਰਦਾ** ਹੈ (ਜਾਂ: **ਉਸ ਨੂੰ ਸੰਭਾਲਦਾ ਹੈ**) ਅਤੇ **ਉਹ ਦੁਸ਼ਟ ਉਸ ਨੂੰ ਹੱਥ ਨਹੀਂ ਲਾਉਂਦਾ।**

- "ਉਸ ਨੂੰ ਸੰਭਾਲਦਾ" ਬਿਲਕੁਲ ਸਹੀ ਅਨੁਵਾਦ ਹੈ ਅਤੇ NKJV ਨੇ ਇਸ ਨੂੰ ਇਸੇ ਤਰ੍ਹਾਂ ਅਨੁਵਾਦ ਕੀਤਾ ਹੈ

- ਇਸ ਦਾ ਸਹੀ ਅਨੁਵਾਦ ਇਹ ਵੀ ਹੋ ਸਕਦਾ ਹੈ ਕਿ ਪ੍ਰਭੂ ਉਸ ਨੂੰ ਸੰਭਾਲਦਾ ਹੈ:
  "ਪਰ ਉਹ (ਯਿਸੂ) ਜਿਹੜਾ ਪਰਮੇਸ਼ੁਰ ਤੋਂ ਜੰਮਿਆ ਸੀ" NASU, NIV

- ਸਾਡੇ ਚਾਨਣ ਵਿੱਚ ਚੱਲਣ ਅਤੇ ਪਾਪ ਦੇ ਇਕਰਾਰ ਉੱਤੇ ਯੂਹੰਨਾ ਵੱਲੋਂ ਜਿੰਨਾਂ ਜ਼ੋਰ ਦਿੱਤਾ ਗਿਆ ਹੈ ਅਤੇ 2 ਤਿਮੋਥਿਉਸ 2:21 ਨੂੰ ਧਿਆਨ ਵਿੱਚ ਰੱਖਦੇ ਹੋਏ ਮੈਂ ਸੋਚਦਾ ਹਾਂ ਕਿ ਇਸ ਦ੍ਰਿਸ਼ਟੀ ਤੋਂ ਜੋ ਉੱਤਮ ਅਨੁਵਾਦ ਹੈ ਉਹ ਹੈ "ਉਸ ਨੂੰ ਸੰਭਾਲਦਾ ਹੈ" ਅਤੇ ਜਦੋਂ ਅਸੀਂ ਇਵੇਂ ਕਰਦੇ ਹਾਂ ਤਾਂ **ਉਹ ਦੁਸ਼ਟ ਸਾਨੂੰ ਛੂਹ ਨਹੀਂ ਸਕਦਾ** !

ਸਾਡੀ ਗਵਾਹੀ ਇਹ ਹੋਣੀ ਚਾਹੀਦੀ ਹੈ:

ਮੈਂ ਚਾਨਣ ਵਿੱਚ ਚੱਲ ਰਿਹਾ ਹਾਂ ਅਤੇ ਯਿਸੂ ਦਾ ਲਹੂ ਮੈਨੂੰ ਸਾਰੇ ਪਾਪ ਤੋਂ ਸ਼ੁੱਧ ਕਰ ਰਿਹਾ ਹੈ ਅਤੇ ਦੁਸ਼ਟ ਮੈਨੂੰ ਛੂਹ ਨਹੀਂ ਸਕਦਾ।

## VII. ਯਿਸੂ ਦਾ ਲਹੂ ਸਾਡੀ ਵਿਚੋਲਗੀ ਕਰਦਾ ਹੀ ਰਹਿੰਦਾ ਹੈ।

ਇਬਰਾਨੀਆਂ 12:22-24 ਸਗੋਂ ਤੁਸੀਂ ਸੀਯੋਨ ਦੇ ਪਹਾੜ ਕੋਲ ਆਏ ਹੋ ਅਤੇ ਅਕਾਲ ਪੁਰਖ ਦੀ ਨਗਰੀ ਸੁਰਗੀ ਯਰੂਸ਼ਲਮ ਕੋਲ . . . (24) ਅਤੇ ਯਿਸੂ ਕੋਲ ਜਿਹੜਾ ਨਵੇਂ ਨੇਮ ਦਾ ਵਿਚੋਲਾ ਹੈ ਅਤੇ **ਛਿੜਕੇ ਹੋਏ ਲਹੂ** ਦੇ ਕੋਲ **ਜੋ** ਹਾਬਲ ਦੇ ਲਹੂ ਨਾਲੋਂ ਉੱਤਮ **ਗੱਲਾਂ ਕਰਦਾ** ਹੈ।

ਕਾਇਨ ਨੇ ਆਪਣੇ ਭਰਾ ਹਾਬਲ ਦੀ ਹੱਤਿਆ ਕੀਤੀ। ਹੱਤਿਆ ਕਰਨ ਤੋਂ ਬਾਦ ਉਸ ਨੇ ਇਸ ਤੋਂ ਪੱਲਾ ਝਾੜਨ ਦੀ ਕੋਸ਼ਿਸ਼ ਕੀਤੀ, ਪਰ ਪਰਮੇਸ਼ੁਰ ਨੇ ਕਿਹਾ, ਤੈਂ ਕੀ ਕੀਤਾ? ਤੇਰੇ ਭਰਾ ਦੇ ਲਹੂ ਦੀ **ਅਵਾਜ਼** ਜ਼ਮੀਨ ਵੱਲੋਂ **ਮੇਰੇ ਅੱਗੇ ਦੁਹਾਈ ਦਿੰਦੀ** ਹੈ। ਉਤਪਤ 4:10

ਹਾਬਲ ਦੇ ਲਹੂ ਦੀ ਅਵਾਜ਼ ਨੇ ਬਦਲਾ ਮੰਗਿਆ। ਪਰ ਯਿਸੂ ਦਾ ਲਹੂ ਇਸ ਤੋਂ ਵੀ ਕੁਝ ਚੰਗਾ ਮੰਗਦਾ ਹੈ - ਸਾਡੇ ਲਈ ਵਿਚੋਲਗੀ ਕਰਦੇ ਹੋਏ – **ਲਗਾਤਾਰ** ਪਰਮੇਸ਼ੁਰ ਦੇ ਸਾਹਮਣੇ ਸਾਡੇ ਲਈ **ਕਿਰਪਾ** ਅਤੇ **ਮਾਫ਼ੀ** ਦੀ **ਮੰਗ ਕਰਦਾ** ਹੈ।

ਯਿਸੂ ਦਾ ਲਹੂ ਸਾਨੂੰ ਧਰਮੀ ਠਹਿਰਾਉਣ ਲਈ ਹਮੇਸ਼ਾ ਉਪਲਬਧ – ਸਦੀਪਕ – ਪ੍ਰਬੰਧ ਹੈ – ਇਸੇ ਲਹੂ ਨੇ ਸਾਨੂੰ ਧਰਮੀ ਬਣਾਇਆ, ਛੁਟਕਾਰਾ, ਮਾਫ਼ੀ, ਮੇਲ ਮਿਲਾਪ, ਪਵਿੱਤਰਤਾ ਅਤੇ ਸ਼ੁੱਧਤਾ ਪ੍ਰਦਾਨ ਕੀਤੀ।

ਇਹ ਉਸੇ ਤਰ੍ਹਾਂ ਹੈ ਜਿਵੇਂ ਪਰਮੇਸ਼ੁਰ ਨੇ ਕਿਹਾ: ਕੂਚ 12:13 ਅਰ **ਉਹ ਲਹੂ ਤੁਹਾਡੇ ਲਈ** ਘਰਾਂ ਉੱਤੇ ਜਿੱਥੇ ਤੁਸੀਂ ਹੋਵੋਗੇ **ਨਿਸ਼ਾਨ** ਹੋਵੇਗਾ ਅਤੇ **ਜਦ ਮੈਂ ਲਹੂ ਨੂੰ ਵੇਖਾਂਗਾ** ਮੈਂ ਤੁਹਾਡੇ **ਉੱਤੋਂ ਦੀ ਲੰਘ** ਜਾਵਾਂਗਾ ਅਰ ਤੁਹਾਡੇ ਉੱਤੇ ਕੋਈ ਬਵਾ ਜਦ ਮੈਂ ਮਿਸਰ ਦੇਸ ਨੂੰ ਮਾਰਾਂਗਾ ਨਾ ਪਵੇਗੀ ਜਿਹੜੀ ਤੁਹਾਡਾ ਨਾਸ ਕਰੇ

ਰੋਮੀਆਂ 8:31-39 ਉਪਰੰਤ ਅਸੀਂ ਏਹਨਾਂ ਗੱਲਾਂ ਉੱਤੇ ਕੀ ਆਖੀਏ? **ਜਦੋਂ ਪਰਮੇਸ਼ੁਰ ਸਾਡੀ ਵੱਲ ਹੈ ਤਾਂ ਕੌਣ ਸਾਡੇ ਵਿਰੁੱਧ ਹੋਵੇਗਾ?** (32) ਜਿਹ ਨੇ ਆਪਣੇ ਹੀ ਪੁੱਤ੍ਰ ਦਾ ਭੀ ਸਰਫ਼ਾ ਨਾ ਕੀਤਾ ਸਗੋਂ ਉਹ ਨੂੰ ਅਸਾਂ ਸਭਨਾਂ ਦੇ ਲਈ ਦੇ ਦਿੱਤਾ ਸੋ ਉਹ ਦੇ ਨਾਲ ਸਾਰੀਆਂ ਵਸਤਾਂ ਵੀ ਸਾਨੂੰ ਕਿੱਕੁਰ ਨਾ ਬਖ਼ਸ਼ੇਗਾ? (33) ਪਰਮੇਸ਼ੁਰ ਦੇ ਚੁਣਿਆਂ ਹੋਇਆਂ ਦੇ ਉੱਤੇ ਕੌਣ ਦਾਵਾ ਕਰੇਗਾ? ਪਰਮੇਸ਼ੁਰ ਹੀ ਹੈ ਜਿਹੜਾ ਧਰਮੀ ਠਹਿਰਾਉਂਦਾ ਹੈ। (34) ਉਹ ਕੌਣ ਹੈ ਜੋ ਸਜ਼ਾ ਦਾ ਹੁਕਮ ਦੇਵੇਗਾ? **ਮਸੀਹ ਯਿਸੂ** ਹੀ ਹੈ ਜਿਹੜਾ ਮਰ ਗਿਆ। ਹਾਂ, ਸਗੋਂ ਮੁਰਦਿਆਂ ਵਿੱਚੋਂ ਜਿਵਾਲਿਆ ਗਿਆ **ਜਿਹੜਾ** ਪਰਮੇਸ਼ੁਰ ਦੇ ਸੱਜੇ ਪਾਸੇ ਹੈ ਅਤੇ **ਸਾਡੇ ਲਈ ਸਫ਼ਾਰਸ਼ ਵੀ ਕਰਦਾ** ਹੈ। (35) **ਕੌਣ ਸਾਨੂੰ ਮਸੀਹ ਦੇ ਪ੍ਰੇਮ ਤੋਂ ਅੱਡ ਕਰੇਗਾ?** ਕੀ ਬਿਪਤਾ ਯਾ ਕਸ਼ਟ ਯਾ ਅਨ੍ਹੇਰ ਯਾ ਕਾਲ ਯਾ ਨੰਗ ਯਾ ਭੌਜਲ ਯਾ ਤਲਵਾਰ? (36) ਜਿਵੇਂ ਲਿਖਿਆ ਹੋਇਆ ਹੈ-

"ਅਸੀਂ ਤੇਰੇ ਲਈ ਦਿਨ ਭਰ ਜਾਨੋਂ ਮਾਰੇ ਜਾਂਦੇ ਹਾਂ, ਅਸੀਂ ਕੋਹੀਆਂ ਜਾਣ ਵਾਲੀਆਂ ਭੇਡਾਂ ਦੇ ਤੁੱਲ ਗਿਣੇ ਜਾਂਦੇ ਹਾਂ।"

(37) ਸਗੋਂ **ਇਨ੍ਹਾਂ ਸਭਨਾਂ ਗੱਲਾਂ ਵਿੱਚ** ਉਹ ਦੇ ਦੁਆਰਾ ਜਿਹ ਨੇ ਸਾਡੇ ਨਾਲ ਪ੍ਰੇਮ ਕੀਤਾ ਸੀ ਅਸੀਂ **ਹੱਦੋਂ ਵੱਧ ਫਤਹ ਪਾਉਂਦੇ** ਹਾਂ। (38) ਕਿਉਂ ਜੋ ਮੈਨੂੰ ਪਰਤੀਤ ਹੈ ਭਈ ਨਾ ਮੌਤ, ਨਾ ਜੀਵਨ, ਨਾ ਦੂਤ, ਨਾ ਹਕੂਮਤਾਂ, ਨਾ ਵਰਤਮਾਨ ਵਸਤਾਂ, ਨਾ ਹੋਣ ਵਾਲੀਆਂ ਵਸਤਾਂ, ਨਾ ਸ਼ਕਤੀਆਂ, (39) ਨਾ ਉਚਿਆਈ, ਨਾ ਡੂੰਘਿਆਈ, ਨਾ ਕੋਈ ਹੋਰ ਸਰਿਸ਼ਟੀ **ਪਰਮੇਸ਼ੁਰ ਦੇ ਉਸ ਪ੍ਰੇਮ ਤੋਂ ਜਿਹੜਾ ਮਸੀਹ ਯਿਸੂ ਸਾਡੇ ਪ੍ਰਭੁ ਵਿੱਚ ਹੈ ਸਾਨੂੰ ਅੱਡ ਕਰ ਸੱਕੇਗੀ।**

ਇਹ ਸਭਕੁਝ

ਪਰਮੇਸ਼ੁਰ ਦੇ ਲੇਲੇ ਦੇ ਲਹੂ ਦੇ ਕਰਕੇ ਹੈ ਜਿਸ ਦਾ ਨਾਮ ਹੈ

# ਯਿਸੂ ਮਸੀਹ